StepChange Debt Charity Scotland

# ਕੀ ਤੁਸੀਂ ਆਪਣੇ ਬਿੱਲਾਂ ਦਾ ਭੁਗਤਾਨ ਕਰਨ ਬਾਰੇ ਚਿੰਤਤ ਹੋ?

# **ਤੁਸੀਂ ਇਕੱਲੇ ਨਹੀਂ ਹੋ।**

## ਕਰਜ਼ੇ ਸਬੰਧੀ ਮੁਫ਼ਤ ਅਤੇ ਨਿਰਪੱਖ ਸਹਾਇਤਾ ਪ੍ਰਾਪਤ ਕਰਨ ਲਈ ਤੁਹਾਡੀ ਗਾਈਡ



ਤੁਸੀਂ **www.stepchange.org/scotland** 'ਤੇ ਜਾਕੇ ਇਸ ਗਾਈਡ ਨੂੰ ਆਨਲਾਈਨ ਐਕਸੈਸ ਕਰ ਸਕਦੇ ਹੋ

# ਕੀ ਤੁਹਾਨੂੰ ਆਪਣੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਸਮੱਸਿਆ ਆ ਰਹੀ ਹੈ?

ਕੀ ਤੁਹਾਡੇ ਘਰੇਲੂ ਬਿੱਲਾਂ, ਕ੍ਰੈਡਿਟ ਕਾਰਡ ਜਾਂ ਹੋਰ ਕਰਜ਼ਿਆਂ ਦੇ ਭੁਗਤਾਨਾਂ ਨੂੰ ਜਾਰੀ ਰੱਖਣ ਲਈ ਰੋਜ਼ਾਨਾ ਸੰਘਰਸ਼ ਕਰਨਾ ਪੈਂਦਾ ਹੈ? ਕੀ ਤੁਸੀਂ ਇਸ ਡਰ ਵਿੱਚ ਜੀਅ ਰਹੇ ਹੋ ਕਿ ਇੱਕ ਦਿਨ ਇਸਨੂੰ ਸੰਭਾਲਣਾ ਬਹੁਤ ਜ਼ਿਆਦਾ ਔਖਾ ਹੋਵੇਗਾ?

ਤੁਸੀਂ ਇਕੱਲੇ ਨਹੀਂ ਹੋ। ਕਈ ਹਜ਼ਾਰਾਂ ਲੋਕ ਇਸਦਾ ਅਨੁਭਵ ਵੀ ਕਰ ਰਹੇ ਹਨ। ਜਿਨ੍ਹਾਂ ਚੀਜ਼ਾਂ 'ਤੇ ਤੁਸੀਂ ਨਿਯੰਤਰਣ ਨਹੀਂ ਕਰ ਸਕਦੇ, ਜਿਨ੍ਹਾਂ ਦੀ ਯੋਜਨਾ ਨਹੀਂ ਬਣਾ ਸਕਦੇ, ਜਾਂ ਜਿਨ੍ਹਾਂ ਦੀ ਭਵਿੱਖਬਾਣੀ ਨਹੀਂ ਕਰ ਸਕਦੇ ਹੋ ਉਨ੍ਹਾਂ ਨਾਲ ਨਜਿੱਠਣਾ ਕਰਜ਼ੇ ਤੋਂ ਮੁਕਤ ਰਹਿਣਾ ਹੋਰ ਵੀ ਮੁਸ਼ਕਲ ਬਣਾ ਸਕਦਾ ਹੈ। ਕੀ ਇਸ ਵਿੱਚੋਂ ਕੁਝ ਵੀ ਤੁਹਾਡੇ ਜਾਂ ਕਿਸੇ ਦੋਸਤ ਨਾਲ ਮਿਲਦਾ-ਜੁਲਦਾ ਜਾਪਦਾ ਹੈ? ਹੋ ਸਕਦਾ ਹੈ ਕਿ ਤੁਸੀਂ ਇਸਨੂੰ ਇਸ ਲਈ ਪੜ੍ਹ ਰਹੇ ਹੋ ਕਿਉਂਕਿ ਤੁਸੀਂ ਅੱਗੇ ਦਾ ਰਸਤਾ ਲੱਭ ਰਹੇ ਹੋ।

**ਕਰਜ਼ੇ ਦੀ ਸਮੱਸਿਆ ਦੇ ਸੰਕੇਤ:**

- ਕਰਜ਼ਿਆਂ 'ਤੇ ਸਿਰਫ ਘੱਟੋ-ਘੱਟ ਬਕਾਏ ਦਾ ਭੁਗਤਾਨ ਕਰਨਾ, ਜਾਂ ਇੱਥੋਂ ਤਕ ਕਿ ਭੁਗਤਾਨ ਹੀ ਖੁੰਝਾ ਦੇਣਾ
- ਕਿਰਾਏ, ਕੌਂਸਲ ਟੈਕਸ ਜਾਂ ਉਪਯੋਗਤਾਵਾਂ ਵਰਗੇ ਘਰੇਲੂ ਬਿੱਲਾਂ ਦਾ ਭੁਗਤਾਨ ਕਰਨ ਲਈ ਕ੍ਰੈਡਿਟ ਦੀ ਵਰਤੋਂ ਕਰਨਾ
- **ਅਦਾਲਤੀ** ਕਾਰਵਾਈ ਜਾਂ ਤੁਹਾਡੀ ਤਨਖਾਹ ਵਿੱਚ ਬਦਲਾਅ ਦਾ ਸਾਹਮਣਾ ਕਰਨਾ
- ਇੱਕ ਅਜਿਹੀ ਘਟਨਾ ਜਿਸ ਦੇ ਨਤੀਜੇ ਵਜੋਂ ਆਮਦਨੀ ਦਾ ਨੁਕਸਾਨ ਜਾਂ ਵਧੇਰੇ ਖਰਚਾ ਹੋਇਆ ਹੈ, ਉਦਾਹਰਣ ਵਜੋਂ, ਬਰਤਰਫ਼ ਕਰ ਦਿੱਤੇ ਜਾਣਾ, ਬਿਮਾਰੀ, ਤਲਾਕ, ਪਰਿਵਾਰ ਵਿੱਚ ਮੌਤ ਜਾਂ ਬੱਚਾ ਹੋਣਾ
- ਜ਼ਿਆਦਾ ਖਰਚ ਕਰਨਾ
- ਚਿੰਤਤ ਮਹਿਸੂਸ ਕਰਨਾ, ਪਿੱਛੇ ਹਟਣਾ ਜਾਂ ਉਦਾਸ ਹੋਣਾ – ਸਮਾਜੀਕਰਨ ਵਿੱਚ ਸਮਾਂ ਘਟਾਉਣਾ, ਦੋਸਤਾਂ ਤੋਂ ਬਚਣਾ
- ਮੁੱਦਿਆਂ ਨੂੰ ਲੁਕਾਉਣਾ ਜਾਂ ਆਪਣੇ ਅਜ਼ੀਜ਼ਾਂ ਨਾਲ ਵਿੱਤ ਬਾਰੇ ਗੱਲ ਕਰਨ ਤੋਂ ਪਰਹੇਜ਼ ਕਰਨਾ
- ਥਕਾਵਟ ਮਹਿਸੂਸ ਕਰਨਾ ਜਾਂ ਸੌਣ ਵਿੱਚ ਮੁਸ਼ਕਲ ਹੋਣਾ

ਮੇਰੀ ਕਹਾਣੀ:



"ਮੈਂ ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ (StepChange Debt Charity Scotland) ਦੀ ਇੱਕ ਕਲਾਇੰਟ ਹਾਂ। ਮੈਂ ਕਰਜ਼ੇ ਵਿੱਚ ਫਸੀ ਹੋਈ ਹਾਂ ਅਤੇ ਮੈਂ ਇਹ ਦੱਸਣ ਜਾ ਰਹੀ ਹਾਂ ਕਿ ਇਹ ਮੇਰੇ ਲਈ ਕਿਹੋ-ਜਿਹਾ ਸੀ ਅਤੇ ਇਸ ਗਾਈਡ ਬਾਰੇ ਤੁਹਾਨੂੰ ਧਿਆਨ ਨਾਲ ਸਮਝਾਵਾਂਗੀ। ਜਦੋਂ ਤੱਕ ਕੋਰੋਨਵਾਇਰਸ ਮਹਾਂਮਾਰੀ ਨਹੀਂ ਆਈ ਸੀ, ਉਦੋਂ ਤੱਕ ਮੈਂ ਸਿਰਫ਼ ਆਪਣਾ ਕੰਮ ਸਾਰਨ ਅਤੇ ਆਪਣੇ ਭੁਗਤਾਨਾਂ ਨੂੰ ਜਾਰੀ ਰੱਖਣ ਤੱਕ ਹੀ ਸੀਮਤ ਸੀ, ਫਿਰ ਕੰਮ ਘੱਟ ਗਿਆ ਅਤੇ ਮੈਨੂੰ ਕੰਮ ਤੋਂ ਛੁੱਟੀ ਦੇ ਦਿੱਤੀ ਗਈ। ਮੈਂ ਹਮੇਸ਼ਾਂ ਕਰਜ਼ਿਆਂ ਦਾ ਭੁਗਤਾਨ ਕਰਨ ਅਤੇ ਭੁਗਤਾਨਾਂ ਦਾ ਦੁਬਾਰਾ ਪ੍ਰਬੰਧ ਕਰਨ ਵਿੱਚ ਚੰਗੀ ਸੀ, ਪਰ ਜਦੋਂ ਮੇਰੀ ਤਨਖਾਹ ਵਿੱਚ ਕਟੌਤੀ ਕੀਤੀ ਗਈ, ਤਾਂ ਇਸ ਨਾਲ ਨਜਿੱਠਣਾ ਬਹੁਤ ਮੁਸ਼ਕਲ ਹੋ ਗਿਆ। ਮੈਂ ਗੁਜ਼ਾਰਾ ਚਲਾਉਣ ਵਿੱਚ ਕਾਮਯਾਬ ਰਹੀ, ਪਰ ਫਿਰ ਕੰਮ 'ਤੇ ਵਾਪਸ ਆਉਣ ਦੇ ਕੁਝ ਮਹੀਨਿਆਂ ਬਾਅਦ ਮੇਰੇ ਕੰਮ ਦੇ ਘੰਟੇ ਘੱਟ ਹੋ ਗਏ ਅਤੇ ਮੈਂ ਆਪਣੀ ਸਾਰੀ ਬੱਚਤ ਦੀ ਵਰਤੋਂ ਕਰ ਲਈ ਸੀ।

**"ਮੈਨੂੰ ਸੌਣ ਵਿੱਚ ਮੁਸ਼ਕਲ ਆ ਰਹੀ ਸੀ ਅਤੇ ਇਹ ਸਭ ਬਹੁਤ ਜ਼ਿਆਦਾ ਮੁਸ਼ਕਲ ਹੋ ਰਿਹਾ ਸੀ। ਮੈਨੂੰ ਇਹ ਪਤਾ ਸੀ ਕਿ ਮੈਂ ਕਿਸੇ ਹੋਰ ਮਹੀਨੇ ਦਾ ਪ੍ਰਬੰਧ ਨਹੀਂ ਕਰ ਸਕਾਂਗੀ।**

"ਕਰਜ਼ੇ ਬਾਰੇ ਸਲਾਹ ਪ੍ਰਾਪਤ ਕਰਨਾ ਇੱਕ ਬਹੁਤ ਵੱਡਾ ਕਦਮ ਮਹਿਸੂਸ ਹੋਇਆ। ਮੈਨੂੰ ਲਗਦਾ ਸੀ ਕਿ ਮੈਂ ਇੱਕ ਅਸਫ਼ਲ ਇਨਸਾਨ ਸੀ ਅਤੇ ਮੈਨੂੰ ਪਰਖਿਆ ਜਾਵੇਗਾ, ਪਰ ਮੈਂ ਗਲਤ ਸੀ। ਜਿਵੇਂ ਹੀ ਮੈਂ ਪੈਸੇ ਸੰਬੰਧੀ ਇੱਕ ਸਲਾਹਕਾਰ ਨਾਲ ਗੱਲ ਕੀਤੀ, ਉਸੇ ਵੇਲੇ ਮੇਰੇ ਉੱਪਰੋਂ ਇੱਕ ਭਾਰੀ ਬੋਝ ਲਹਿ ਗਿਆ ਅਤੇ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਕੋਲ ਅੱਗੇ ਵਧਣ ਦੀ ਯੋਜਨਾ ਹੈ।"

# ਮਦਦ ਕਿੱਥੋਂ ਪ੍ਰਾਪਤ ਕੀਤੀ ਜਾਵੇ

ਇਹ ਸਮਝਣਾ ਮਹੱਤਵਪੂਰਨ ਹੈ ਕਿ ਜਿੰਨੀ ਜਲਦੀ ਤੁਸੀਂ ਪੈਸੇ ਸੰਬੰਧੀ ਕਿਸੇ ਮੁਫ਼ਤ, **ਨਿਰਪੱਖ** ਸਲਾਹਕਾਰ ਤੋਂ ਮਦਦ ਮੰਗੋਗੇ, ਤੁਹਾਡੇ ਕੋਲ ਓਨੇ ਹੀ ਜ਼ਿਆਦਾ ਵਿਕਲਪ ਹੋਣਗੇ ਅਤੇ ਤੁਸੀਂ ਓਨਾ ਹੀ ਘੱਟ ਤਣਾਅ ਮਹਿਸੂਸ ਕਰੋਗੇ। ਯਾਦ ਰੱਖੋ ਕਿ ਕਰਜ਼ੇ ਦੀ ਸਲਾਹ ਲੈਣ ਵਿੱਚ ਕੋਈ ਜੋਖਮ ਨਹੀਂ ਹੈ – ਅਤੇ ਇਸ ਨਾਲ ਤੁਹਾਡੀ ਕ੍ਰੈਡਿਟ ਫ਼ਾਈਲ ਪ੍ਰਭਾਵਿਤ ਨਹੀਂ ਹੁੰਦੀ। ਸਲਾਹ ਗੁਪਤ ਹੁੰਦੀ ਹੈ - ਕਿਸੇ ਹੋਰ ਵਿਅਕਤੀ ਨੂੰ ਇਸ ਬਾਰੇ ਪਤਾ ਨਹੀਂ ਹੋਵੇਗਾ। ਅਤੇ ਚੀਜ਼ਾਂ ਮੁਸ਼ਕਿਲ ਲੱਗਣਾ ਜਾਂ ਮਦਦ ਮੰਗਣਾ ਕੋਈ ਸ਼ਰਮ ਅਤੇ ਕੋਈ ਦੋਸ਼ ਵਾਲੀ ਗੱਲ ਨਹੀਂ ਹੈ।

ਭਾਵੇਂ ਤੁਸੀਂ ਕੁਝ ਸਮੇਂ ਤੋਂ ਸੰਘਰਸ਼ ਕਰ ਰਹੇ ਹੋ ਜਾਂ ਇਹ ਸੋਚਦੇ ਹੋ ਕਿ ਇਹ ਸਿਰਫ਼ ਇੱਕ ਥੋੜ੍ਹੇ ਸਮੇਂ ਦੀ ਸਮੱਸਿਆ ਹੋ ਸਕਦੀ ਹੈ, ਪਰ ਸਲਾਹ ਲੈਣ ਨਾਲ ਮਦਦ ਮਿਲ ਸਕਦੀ ਹੈ। ਇਸ ਨਾਲ ਤੁਹਾਡੇ ਪੈਸੇ ਦੀ ਬੱਚਤ ਹੋ ਸਕਦੀ ਹੈ, ਤੁਹਾਡੇ ਤਣਾਅ ਦਾ ਪੱਧਰ ਘੱਟ ਸਕਦਾ ਹੈ ਅਤੇ ਤੁਹਾਨੂੰ ਵਾਪਸ ਲੀਹ 'ਤੇ ਲਿਆਉਣ ਵਿੱਚ ਮਦਦ ਮਿਲ ਸਕਦੀ ਹੈ।

ਜੇਕਰ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਕੋਈ ਪਹਿਲੀ ਭਾਸ਼ਾ ਬੋਲਦੇ ਹੋ, ਤਾਂ ਮਦਦ ਮੰਗਣ ਵਿੱਚ ਦੇਰੀ ਨਾ ਕਰੋ, ਕਿਉਂਕਿ ਤੁਸੀਂ ਸਲਾਹਕਾਰ ਨਾਲ ਗੱਲ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਕਿਸੇ ਦੋਸਤ ਜਾਂ ਆਪਣੇ ਕਿਸੇ ਪਰਿਵਾਰਕ ਮੈਂਬਰ ਦਾ ਪ੍ਰਬੰਧ ਕਰ ਸਕਦੇ ਹੋ। ਕੁਝ ਸੰਸਥਾਵਾਂ ਇੱਕ ਪੇਸ਼ੇਵਰ ਦੁਭਾਸ਼ੀਏ ਦਾ ਪ੍ਰਬੰਧ ਕਰਨ ਦੇ ਯੋਗ ਹੋ ਸਕਦੀਆਂ ਹਨ।

## ਹੁਣੇ ਮਦਦ ਲੱਭੋ

ਸ਼ਾਇਦ ਤੁਹਾਨੂੰ ਨਹੀਂ ਪਤਾ ਕਿ ਪਹਿਲਾਂ ਕੀ ਕਰਨਾ ਹੈ ਅਤੇ ਮਦਦ ਪ੍ਰਾਪਤ ਕਰਨ ਲਈ ਕਿੱਥੇ ਜਾਣਾ ਹੈ। **ਮੁਫ਼ਤ ਅਤੇ ਨਿਰਪੱਖ ਸਲਾਹ** ਉਹ ਥਾਂ ਹੈ, ਜਿੱਥੇ ਤੁਸੀਂ ਸ਼ੁਰੂ ਕਰਨਾ ਚਾਹੁੰਦੇ ਹੋ।

ਲੋਕਾਂ ਲਈ ਸਲਾਹ ਪ੍ਰਾਪਤ ਕਰਨ ਦੇ ਤਿੰਨ ਮੁੱਖ ਤਰੀਕੇ ਹਨ, ਕਿਸੇ ਨਾਲ ਆਹਮੋ-ਸਾਹਮਣੇ ਗੱਲ ਕਰਨਾ, ਮਦਦ ਲਈ ਫ਼ੋਨ ਕਰਨਾ, ਜਾਂ ਆਨਲਾਈਨ ਟੂਲ ਦੀ ਵਰਤੋਂ ਕਰਨਾ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਨਾਲ ਫ਼ੋਨ 'ਤੇ ਜਾਂ ਆਨਲਾਈਨ ਸੰਪਰਕ ਕੀਤਾ ਜਾ ਸਕਦਾ ਹੈ। ਤੁਹਾਡੀ ਸਥਾਨਕ ਸਿਟੀਜ਼ਨਸ ਅਡਵਾਈਸ ਵੀ ਮਦਦ ਕਰਨ ਦੇ ਯੋਗ ਹੋ ਸਕਦੀ ਹੈ, ਜਾਂ ਤੁਹਾਡੀ ਸਥਾਨਕ ਕੌਂਸਲ ਜਾਂ ਹਾਊਸਿੰਗ ਐਸੋਸੀਏਸ਼ਨ ਕੋਲ ਇੱਕ ਸਲਾਹ ਸੇਵਾ ਹੋ ਸਕਦੀ ਹੈ।

ਕ੍ਰਿਸਚੀਅਨਜ਼ ਅਗੇਂਸਟ ਪੌਵਰਟੀ (Christians Against Poverty) ਬਹੁਤ ਸਾਰੇ ਖੇਤਰਾਂ ਵਿੱਚ ਸਲਾਹ ਅਤੇ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ।

ਤੁਹਾਡਾ ਬੈਂਕ ਜਾਂ ਕੋਈ ਹੋਰ ਰਿਣਦਾਤਾ ਤੁਹਾਨੂੰ ਕਰਜ਼ੇ ਸੰਬੰਧੀ ਸਲਾਹ ਲੈਣ ਦੀ ਸਲਾਹ ਦੇ ਸਕਦਾ ਹੈ। ਤੁਹਾਨੂੰ ਆਪਣੇ ਕਰਜ਼ਿਆਂ ਬਾਰੇ ਕਿਸੇ ਵਿਅਕਤੀ ਨਾਲ ਗੱਲ ਕਰਨ ਲਈ ਕਿਸੇ ਹਵਾਲੇ ਦੀ ਜ਼ਰੂਰਤ ਨਹੀਂ ਹੈ।

ਤੁਹਾਡੇ ਵੱਲੋਂ ਆਨਲਾਈਨ ਸਲਾਹ ਦੇਖਣ ਵੇਲੇ **ਡਿਜੀਟਲ ਰੂਪ ਵਿੱਚ ਸੁਰੱਖਿਅਤ ਹੋਣਾ** ਯਾਦ ਰੱਖੋ। ਅਜਿਹੀਆਂ ਬਹੁਤ ਸਾਰੀਆਂ ਕੰਪਨੀਆਂ ਹਨ, ਜੋ ਸਲਾਹ ਪ੍ਰਦਾਤਾਵਾਂ ਦੀਆਂ ਵੈੱਬਸਾਈਟਾਂ ਦੀ ਨਕਲ ਕਰਦੀਆਂ ਹਨ, ਜੋ ਤੁਹਾਡੀ ਨਿੱਜੀ ਜਾਣਕਾਰੀ ਨੂੰ ਚੋਰੀ ਕਰ ਸਕਦੀਆਂ ਹਨ। ਹੋਰ ਮਾਮਲਿਆਂ ਵਿੱਚ, ਸਲਾਹ ਅਤੇ ਸਹਾਇਤਾ ਲਈ ਤੁਹਾਨੂੰ ਪੈਸੇ ਖਰਚਣੇ ਪੈਣਗੇ।

i

**ਇਹ ਗਾਈਡ ਆਪਣੇ ਕਰਜ਼ਿਆਂ ਨਾਲ ਨਜਿੱਠਣ ਲਈ ਸਹਾਇਤਾ ਪ੍ਰਾਪਤ ਕਰਨ ਦੇ ਤਰੀਕੇ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰੇਗੀ। ਇਹ ਗਾਈਡ ਤੁਹਾਡੇ ਨਾਲ ਇਸ ਬਾਰੇ ਗੱਲ ਕਰਦੀ ਹੈ ਕਿ ਕੀ ਉਮੀਦ ਕਰਨੀ ਹੈ ਅਤੇ ਕੀ ਕਰਨਾ ਹੈ।**

**ਇਸ ਪਰਚੇ ਵਿੱਚ ਕੁਝ ਗੁੰਝਲਦਾਰ ਜਾਂ ਤਕਨੀਕੀ ਸ਼ਬਦ ਹੋ ਸਕਦੇ ਹਨ, ਜਿਨ੍ਹਾਂ ਲਈ ਤੁਹਾਨੂੰ ਮਦਦ ਦੀ ਲੋੜ ਹੈ, ਇਸ ਲਈ ਅਸੀਂ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਪੰਨਾ 22 'ਤੇ ਉਪਲਬਧ ਕਰਵਾਈ ਹੈ।**

# ਇਹ ਕਿਵੇਂ ਪਤਾ ਕੀਤਾ ਜਾਵੇ ਕਿ ਤੁਸੀਂ ਕਿਸੇ ਸੁਰੱਖਿਅਤ ਸੰਸਥਾ ਨਾਲ ਗੱਲ ਕਰ ਰਹੇ ਹੋ

ਕੋਈ ਵੀ ਨਿੱਜੀ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਤੁਸੀਂ ਸੰਸਥਾ ਲਈ ਸਹੀ ਵੈੱਬਸਾਈਟ 'ਤੇ ਹੋ ਜਾਂ ਸਹੀ ਲੋਕਾਂ ਨਾਲ ਗੱਲ ਕਰ ਰਹੇ ਹੋ।

- ਜੇਕਰ ਕੋਈ ਕੰਪਨੀ ਤੁਹਾਨੂੰ ਕਾਲਾਂ, ਈਮੇਲਾਂ ਜਾਂ ਮੈਸੇਜ ਕਰਦੀ ਹੈ, ਅਤੇ ਤੁਸੀਂ ਉਨ੍ਹਾਂ ਨਾਲ ਪਹਿਲਾਂ ਸੰਪਰਕ ਨਹੀਂ ਕੀਤਾ ਹੈ, ਤਾਂ ਸਾਵਧਾਨ ਰਹੋ। ਉਹ ਇਹ ਕਹਿ ਸਕਦੇ ਹਨ ਕਿ ਉਹ ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਜਾਂ ਸਿਟੀਜ਼ਨਸ ਅਡਵਾਈਸ ਤੋਂ ਹਨ। ਫ਼ੋਨ ਨੂੰ ਕੱਟਣਾ ਜਾਂ ਈਮੇਲ ਜਾਂ ਟੈਕਸਟ ਨੂੰ ਮਿਟਾਉਣਾ ਵਧੇਰੇ ਸੁਰੱਖਿਅਤ ਵਿਕਲਪ ਹੈ। ਜਿਸ ਸੰਸਥਾ ਤੋਂ ਹੋਣ ਦਾ ਉਹ ਦਾਅਵਾ ਕਰਦੇ ਹਨ, ਉਸ ਲਈ ਸਹੀ ਸੰਪਰਕ ਵੇਰਵੇ ਲੱਭਣ ਲਈ ਇੱਕ ਸਰਚ ਇੰਜਨ ਦੀ ਵਰਤੋਂ ਕਰੋ
- ਜੇਕਰ ਕੋਈ ਵੈੱਬਸਾਈਟ ਜਾਂ ਸੇਵਾਅਜਿਹੇ ਵਾਅਦੇ ਕਰਦੀ ਹੈ, ਜਿਹਨਾਂ ਉੱਤੇ ਵਿਸ਼ਵਾਸ ਕਰਨਾ ਔਖਾ ਲਗਦਾ ਹੈ, ਜਿਵੇਂ ਕਿ "ਤੁਹਾਡੇ 80% ਕਰਜ਼ਿਆਂ ਨੂੰ ਮਾਫ਼ ਕਰਨਾ", ਤਾਂ ਸਾਵਧਾਨ ਰਹੋ। ਇਹ ਅਕਸਰ ਤੁਹਾਨੂੰ ਕਿਸੇ **ਅਨਿਯਮਿਤ** ਫਰਮ ਨੂੰ ਨਿੱਜੀ ਵੇਰਵੇ ਪ੍ਰਦਾਨ ਕਰਨ ਲਈ ਭਰਮਾਉਣ ਲਈ ਹੋ ਸਕਦਾ ਹੈ
- ਕੁਝ ਕੰਪਨੀਆਂ ਕਿਸੇ ਸੁਰੱਖਿਅਤ ਕਰਜ਼ਾ ਸਲਾਹ ਪ੍ਰਦਾਤਾ ਦੀ ਵੈੱਬਸਾਈਟ ਦੀ ਨਕਲ ਕਰ ਸਕਦੀਆਂ ਹਨ, ਉਦਾਹਰਣ ਵਜੋਂ, ਫ਼ੋਨ ਨੰਬਰ ਵਿੱਚ ਮਾਮੂਲੀ ਤਬਦੀਲੀਆਂ ਕਰਨਾ। ਪਤੇ ਦੀ ਜਾਂਚ ਕਰੋ, ਜਿਵੇਂ ਕਿ ਜਿਸ ਵੈੱਬਸਾਈਟ www.stepchange.org 'ਤੇ ਤੁਸੀਂ ਵਿਜ਼ਿਟ ਕਰ ਰਹੇ ਹੋ ਉਹ ਸਹੀ ਹੈ ਅਤੇ ਇਸ ਵਿੱਚ ਗਲਤ ਜਾਣਕਾਰੀ ਨਹੀਂ ਹੈ, ਜਿਸਦਾ ਮਤਲਬ ਇਹ ਹੋ ਸਕਦਾ ਹੈ ਕਿ ਇਹ ਜਾਅਲੀ ਹੈ
- ਜੇਕਰ ਤੁਸੀਂ ਕਰਜ਼ੇ ਦੀ ਸਲਾਹ ਸੰਬੰਧੀ ਸੇਵਾਵਾਂ ਲਈ ਆਨਲਾਈਨ ਖੋਜ ਕਰ ਰਹੇ ਹੋ, ਤਾਂ ਉਹਨਾਂ ਖੋਜ ਨਤੀਜਿਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ, ਜੋ ਸਿਰਫ਼ ਉਹਨਾਂ ਦੇ ਅੱਗੇ "ਵਿਗਿਆਪਨ" ਮਾਰਕਰ ਨਾਲ ਇਸ਼ਤਿਹਾਰ ਵਜੋਂ ਦਿਖਾਈ ਦਿੰਦੇ ਹਨ
- ਕਰਜ਼ੇ ਸੰਬੰਧੀ ਸਲਾਹ ਦੇਣ ਵਾਲੀਆਂ ਸੰਸਥਾਵਾਂ ਨੂੰ ਵਿੱਤੀ ਆਚਰਣ ਅਥਾਰਟੀ (Financial Conduct Authority) ਦੁਆਰਾ ਰਜਿਸਟਰਡ ਅਤੇ ਅਧਿਕਾਰਤ ਹੋਣਾ ਚਾਹੀਦਾ ਹੈ। ਤੁਸੀਂ ਇਹ ਯਕੀਨੀ ਬਣਾ ਸਕਦੇ ਹੋ ਕਿ ਕੰਪਨੀਆਂ ਇੱਥੇ ਰਜਿਸਟਰਡ ਹਨ: **www.register.fca.org.uk**

### ਕੀ ਮੈਨੂੰ ਕਰਜ਼ੇ ਬਾਰੇ ਸਲਾਹ ਲੈਣ ਲਈ ਭੁਗਤਾਨ ਕਰਨਾ ਚਾਹੀਦਾ ਹੈ?

ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ, ਜੋ ਤੁਹਾਡੇ ਕਰਜ਼ੇ ਬਾਰੇ ਸਲਾਹ ਅਤੇ ਸਹਾਇਤਾ ਲਈ ਤੁਹਾਡੇ ਤੋਂ ਫੀਸ ਲੈਣਗੀਆਂ।

ਹਾਲਾਂਕਿ, ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ, ਜਿਵੇਂ ਕਿ ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ, ਸਿਟੀਜ਼ਨਸ ਅਡਵਾਈਸ ਜਾਂ ਕ੍ਰਿਸਚੀਅਨਜ਼ ਅਗੇਂਸਟ ਪੌਵਰਟੀ ਜਾਂ ਤੁਹਾਡੀ ਸਥਾਨਕ ਕੌਂਸਲ ਵਿੱਚ ਸਲਾਹ ਸੇਵਾਵਾਂ, ਜੋ ਤੁਹਾਡੀ ਮੁਫ਼ਤ ਸਹਾਇਤਾ ਕਰਨਗੀਆਂ।

# ਜੇਕਰ ਮੈਂ ਭੁਗਤਾਨ ਨਹੀਂ ਕਰ ਸਕਦਾ/ਦੀ ਹਾਂ, ਤਾਂ ਕੀ ਹੋ ਸਕਦਾ ਹੈ?

ਤੁਹਾਡੇ **ਲੈਣਦਾਰ** ਅਜਿਹੀਆਂ ਕੰਪਨੀਆਂ ਅਤੇ ਲੋਕ ਹੁੰਦੇ ਹਨ, ਜਿਨ੍ਹਾਂ ਦੇ ਤੁਸੀਂ ਪੈਸੇ ਦੇ ਕਰਜ਼ਦਾਰ ਹੋ, ਜਿਵੇਂ ਕਿ ਬੈਂਕ, ਦੁਕਾਨਾਂ, ਕੈਟਾਲਾਗ ਕੰਪਨੀਆਂ, ਕੌਂਸਲਾਂ, ਕਰਜ਼ਾ ਕੁਲੈਕਟਰ ਜਾਂ ਪਰਿਵਾਰ ਅਤੇ ਦੋਸਤ। ਤੁਹਾਡੇ ਬਕਾਇਆ ਪੈਸੇ ਵਾਪਸ ਲੈਣ ਲਈ ਕੋਈ ਰਸਮੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਜ਼ਿਆਦਾਤਰ ਲੈਣਦਾਰ ਆਮ ਤੌਰ 'ਤੇ ਤੁਹਾਨੂੰ ਕਈ ਚਿਤਾਵਨੀ ਪੱਤਰ, ਈਮੇਲ ਜਾਂ ਟੈਕਸਟ ਭੇਜਣਗੇ।

ਭਾਵੇਂ ਤੁਹਾਡੇ ਲੈਣਦਾਰ ਨੇ ਤੁਹਾਡਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਹੈ ਜਾਂ ਨਹੀਂ, ਜਿੰਨੀ ਜਲਦੀ ਤੁਸੀਂ ਸਲਾਹ ਲਓਗੇ, ਓਨਾ ਹੀ ਬਿਹਤਰ ਹੋਵੇਗਾ। ਤੁਸੀਂ ਵਧੇਰੇ ਤਣਾਅ ਅਤੇ ਚਿੰਤਾ ਤੋਂ ਬਚ ਸਕਦੇ ਹੋ, ਅਤੇ ਤੁਹਾਡੇ ਬਿੱਲਾਂ ਨਾਲ ਨਜਿੱਠਣ ਲਈ ਤੁਹਾਡੇ ਕੋਲ ਹੋਰ ਵਿਕਲਪ ਵੀ ਹੋ ਸਕਦੇ ਹਨ।

ਜੇਕਰ ਤੁਸੀਂ ਆਪਣੇ ਲੈਣਦਾਰਾਂ ਨੂੰ ਭੁਗਤਾਨ ਕਰਨਾ ਬੰਦ ਕਰ ਦਿੱਤਾ ਹੈ ਜਾਂ ਕਿਸੇ ਭੁਗਤਾਨ ਤੋਂ ਖੁੰਝ ਗਏ ਹੋ, ਤਾਂ ਉਹ ਆਮ ਤੌਰ 'ਤੇ ਤੁਹਾਡੇ ਖੁੰਝੇ ਹੋਏ ਭੁਗਤਾਨਾਂ ਬਾਰੇ ਜਾਣਕਾਰੀ ਕਿਸੇ ਕ੍ਰੈਡਿਟ ਹਵਾਲਾ ਏਜੰਸੀ ਨੂੰ ਭੇਜ ਦੇਣਗੇ।

ਇਹ ਤੁਹਾਡੀ ਕ੍ਰੈਡਿਟ ਰੇਟਿੰਗ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਭਵਿੱਖ ਵਿੱਚ ਕ੍ਰੈਡਿਟ ਲੈਣ ਦੀ ਤੁਹਾਡੀ ਯੋਗਤਾ ਨੂੰ ਸੀਮਤ ਕਰ ਸਕਦਾ ਹੈ।

ਤੁਹਾਡੇ ਲੈਣਦਾਰਾਂ ਦੇ ਵਾਜਬ ਹੋਣ ਦੀ ਸੰਭਾਵਨਾ ਹੈ, ਅਤੇ ਉਨ੍ਹਾਂ ਨੂੰ ਤੁਹਾਡੇ ਨਾਲ ਨਿਰਪੱਖ ਵਿਹਾਰ ਕਰਨਾ ਪਵੇਗਾ। ਜੇਕਰ ਤੁਸੀਂ ਕਿਸੇ ਪੈਸੇ ਸੰਬੰਧੀ ਸਲਾਹਕਾਰ ਨਾਲ ਗੱਲ ਕਰ ਰਹੇ ਹੋ, ਤਾਂ ਉਹ ਤੁਹਾਡੇ ਲੈਣਦਾਰਾਂ ਨਾਲ ਸੰਪਰਕ ਕਰਨ ਦੇ ਯੋਗ ਹੋ ਸਕਦੇ ਹਨ ਅਤੇ ਉਹਨਾਂ ਨੂੰ ਇਹ ਦੱਸ ਸਕਦੇ ਹਨ ਕਿ ਤੁਹਾਨੂੰ ਸਥਿਤੀ ਨਾਲ ਨਜਿੱਠਣ ਦੇ ਸਭ ਤੋਂ ਵਧੀਆ ਢੰਗ ਬਾਰੇ ਸਲਾਹ ਮਿਲ ਰਹੀ ਹੈ। ਹੋ ਸਕਦਾ ਹੈ ਕਿ ਤੁਹਾਡੇ ਲੈਣਦਾਰ ਨੇ ਤੁਹਾਨੂੰ ਸਭ ਤੋਂ ਪਹਿਲਾਂ ਕਿਸੇ ਪੈਸੇ ਸੰਬੰਧੀ ਸਲਾਹਕਾਰ ਨਾਲ ਸੰਪਰਕ ਕਰਨ ਲਈ ਕਿਹਾ ਹੋਵੇ।

ਤੁਹਾਡੇ ਲੈਣਦਾਰ ਕਰਜ਼ੇ ਦੇ ਇੱਕ ਵੱਖਰੇ ਹੱਲ ਨੂੰ ਸਵੀਕਾਰ ਕਰਨ ਲਈ ਤਿਆਰ ਹੋ ਸਕਦੇ ਹਨ, ਖਾਸ ਕਰਕੇ ਜੇਕਰ ਕਿਸੇ ਸਲਾਹਕਾਰ ਦੁਆਰਾ ਇਸਦੀ ਸਿਫ਼ਾਰਸ਼ ਕੀਤੀ ਗਈ ਹੋਵੇ। ਤੁਸੀਂ ਅਗਲੇ ਪੰਨਿਆਂ ਵਿੱਚ ਕਰਜ਼ੇ ਦੇ ਵੱਖੋ-ਵੱਖਰੇ ਹੱਲਾਂ ਬਾਰੇ ਹੋਰ ਪੜ੍ਹ ਸਕਦੇ ਹੋ, ਪਰ ਪਹਿਲਾਂ ਤੁਹਾਨੂੰ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਤੁਸੀਂ ਕੀ ਦੇਣਾ ਹੈ ਅਤੇ ਤੁਸੀਂ ਕੀ ਪ੍ਰਾਪਤ ਕਰ ਰਹੇ ਹੋ। ਕਰਜ਼ੇ ਸੰਬੰਧੀ ਸਲਾਹ ਦਾ ਇੱਕ ਆਨਲਾਈਨ ਸੈਸ਼ਨ ਕਰਨ ਜਾਂ ਕਿਸੇ ਸਲਾਹਕਾਰ ਨਾਲ ਗੱਲ ਕਰਨ ਨਾਲ ਤੁਹਾਨੂੰ ਇਹ ਪਤਾ ਲਗਾਉਣ ਵਿੱਚ ਮਦਦ ਮਿਲੇਗੀ ਕਿ ਅੱਗੇ ਕੀ ਕਰਨਾ ਹੈ।

ਲੈਣਦਾਰ ਆਪਣੇ ਪੈਸੇ ਦੀ ਵਸੂਲੀ ਲਈ ਕਈ ਕੰਮ ਕਰ ਸਕਦੇ ਹਨ।

ਕੁਝ ਲੈਣਦਾਰ ਕਿਸੇ ਕਰਜ਼ ਕੁਲੈਕਟਰ ਨੂੰ ਕਰਜ਼ਾ ਦੇ ਸਕਦੇ ਹਨ ਜਾਂ ਵੇਚ ਸਕਦੇ ਹਨ, ਜੋ ਪੈਸੇ ਦੀ ਵਸੂਲੀ ਲਈ ਤੁਹਾਡੇ ਨਾਲ ਸੰਪਰਕ ਕਰੇਗਾ। ਯਾਦ ਰੱਖੋ ਕਿ ਇੱਕ ਕਰਜ਼ਾ ਕੁਲੈਕਟਰ ਕੋਲ ਅਸਲ ਲੈਣਦਾਰ ਨਾਲੋਂ ਵਧੇਰੇ ਸ਼ਕਤੀ ਨਹੀਂ ਹੁੰਦੀ।

ਉਹ ਤੁਹਾਨੂੰ ਅਦਾਲਤ ਵਿੱਚ ਲਿਜਾ ਸਕਦੇ ਹਨ। ਤੁਹਾਨੂੰ ਆਮ ਤੌਰ 'ਤੇ ਤੁਹਾਡੇ ਲਈ ਅਦਾਲਤੀ ਫਾਰਮ ਭੇਜੇ ਜਾਣਗੇ, ਅਤੇ ਜੇਕਰ ਤੁਸੀਂ ਸਹਿਮਤ ਹੋ ਕਿ ਤੁਸੀਂ ਕਰਜ਼ਾ ਦੇਣਾ ਹੈ, ਤਾਂ ਤੁਸੀਂ ਅਦਾਲਤ ਨੂੰ ਇਸਨੂੰ ਵਾਪਸ ਕਰਨ ਲਈ ਸਮਾਂ ਮੰਗ ਸਕਦੇ ਹੋ। ਜੇਕਰ ਤੁਹਾਨੂੰ ਇਹ ਨਹੀਂ ਲੱਗਦਾ ਕਿ ਤੁਸੀਂ ਕਰਜ਼ੇ ਦੇ ਸਾਰੇ ਜਾਂ ਕੁਝ ਹਿੱਸੇ ਦੇ ਦੇਣਦਾਰ ਹੋ, ਤਾਂ ਤੁਸੀਂ ਇਸ ਦੀ ਵਿਆਖਿਆ ਕਰਨ ਲਈ ਅਦਾਲਤ ਜਾ ਸਕਦੇ ਹੋ।

ਜੇਕਰ ਅਦਾਲਤ ਇਹ ਫ਼ੈਸਲਾ ਕਰਦੀ ਹੈ ਕਿ ਤੁਸੀਂ ਕਰਜ਼ਾ ਦੇਣਾ ਹੈ, ਤਾਂਲੈਣਦਾਰ ਤੁਹਾਡੇ ਵਿਰੁੱਧ ਕਾਰਵਾਈ ਕਰ ਸਕਦਾ ਹੈ। ਉਹ ਤੁਹਾਡੇ ਨਾਲ ਸੰਪਰਕ ਕਰਨ ਜਾਂ ਤੁਹਾਡੀ ਤਨਖਾਹ ਜਾਂ ਬੈਂਕ ਖਾਤੇ ਤੋਂ ਸਿੱਧਾ ਪੈਸਾ ਲੈਣ ਲਈ ਕਿਸੇ **ਸ਼ੈਰਿਫ਼ ਅਧਿਕਾਰੀ** ਦੀ ਵਰਤੋਂ ਕਰ ਸਕਦੇ ਹਨ, ਜਾਂ ਅਦਾਲਤ ਤੁਹਾਨੂੰ ਤੁਹਾਡੀ ਜਾਇਦਾਦ ਵੇਚਣ ਤੋਂ ਰੋਕ ਸਕਦੀ ਹੈ। ਹਾਲਾਂਕਿ, ਕਿਸੇ ਵੀ ਕਾਰਵਾਈ ਦੇ ਸ਼ੁਰੂ ਹੋਣ ਤੋਂ ਪਹਿਲਾਂ, ਤੁਹਾਨੂੰ ਆਮ ਤੌਰ 'ਤੇ ਇਹ ਪਹਿਲਾਂ ਤੋਂ ਦੱਸਿਆ ਜਾਵੇਗਾ ਕਿ ਕੀ ਹੋਣ ਵਾਲਾ ਹੈ, ਜਿਸ ਨਾਲ ਤੁਹਾਨੂੰ ਕਰਜ਼ੇ ਦਾ ਭੁਗਤਾਨ ਕਰਨ ਜਾਂ **ਭੁਗਤਾਨ ਯੋਜਨਾ** ਦਾ ਸੁਝਾਅ ਦੇਣ ਦਾ ਸਮਾਂ ਮਿਲ ਜਾਂਦਾ ਹੈ। ਜੇਕਰ ਅਜਿਹਾ ਹੋਇਆ ਹੈ, ਤਾਂ ਜਿੰਨੀ ਜਲਦੀ ਹੋ ਸਕੇ ਤੁਹਾਡੇ ਲਈ ਸਲਾਹ ਲੈਣੀ ਮਹੱਤਵਪੂਰਨ ਹੈ।

ਗਿਰਵੀਨਾਮੇ ਸੰਬੰਧੀ (ਮੌਰਗੇਜ) ਪ੍ਰਦਾਤਾ ਜਾਂ ਮਕਾਨ ਮਾਲਕ ਤੁਹਾਨੂੰ **ਬੇਦਖ਼ਲ** ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ, ਜੇਕਰ ਤੁਸੀਂ ਆਪਣੇ ਭੁਗਤਾਨਾਂ ਵਿੱਚ ਦੇਰੀ ਕਰਦੇ ਹੋ। ਅਦਾਲਤ ਦੇ ਆਦੇਸ਼ ਤੋਂ ਬਿਨਾਂ ਤੁਹਾਨੂੰ ਤੁਹਾਡੇ ਘਰ ਤੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਬੇਦਖ਼ਲ ਕਰਨ ਲਈ ਅਦਾਲਤ ਵਿੱਚ ਜਾਣ ਤੋਂ ਪਹਿਲਾਂ ਜ਼ਿਆਦਾਤਰ ਮਕਾਨ ਮਾਲਕ ਅਤੇ ਮੌਰਗੇਜ ਪ੍ਰਦਾਤਾ ਤੁਹਾਡੀਆਂ ਮੁੜ-ਭੁਗਤਾਨ ਦੀਆਂ ਸ਼ਰਤਾਂ ਨਾਲ ਸਹਿਮਤ ਹੋਣ ਲਈ ਤੁਹਾਡੇ ਨਾਲ ਕੰਮ ਕਰਨਗੇ।



**ਮੇਰੀ ਕਹਾਣੀ:**

"ਮੈਂ ਫ਼ੋਨ ਚੁੱਕਣ ਅਤੇ ਇਸ ਬਾਰੇ ਗੱਲ ਕਰਨ ਬਾਰੇ ਬਹੁਤ ਜ਼ਿਆਦਾ ਘਬਰਾਉਂਦੀ ਸੀ – ਮੈਨੂੰ ਬਿਲਕੁਲ ਨਹੀਂ ਪਤਾ ਸੀ ਕਿ ਕਿੱਥੋਂ ਸ਼ੁਰੂ ਕਰਨਾ ਹੈ। ਮੈਨੂੰ ਬਹੁਤ ਸ਼ਰਮ ਅਤੇ ਸ਼ਰਮਿੰਦਗੀ ਮਹਿਸੂਸ ਹੋਈ ਕਿ ਮੈਂ ਚੀਜ਼ਾਂ ਨੂੰ ਇੰਨਾ ਜ਼ਿਆਦਾ ਮੁਸ਼ਕਲ ਹੋਣ ਦਿੱਤਾ। ਪਰ ਜਿਵੇਂ ਹੀ ਮੈਂ ਪੈਸੇ ਸੰਬੰਧੀ ਸਲਾਹਕਾਰ ਨਾਲ ਗੱਲ ਕੀਤੀ, ਤਾਂ ਮੈਨੂੰ ਹੌਂਸਲਾ ਮਹਿਸੂਸ ਹੋਇਆ। ਉਹ ਸ਼ਾਂਤ, ਪੇਸ਼ੇਵਰ ਸਨ ਅਤੇ ਉਹਨਾਂ ਨੇ ਮੈਨੂੰ ਦੱਸਿਆ ਕਿ ਇਕੱਲੇ ਚਿੰਤਾ ਕਰਨ ਦੀ ਬਜਾਏ ਕਿਸੇ ਵਿਅਕਤੀ ਨਾਲ ਗੱਲ ਕਰਨਾ ਹੀ ਬਿਲਕੁਲ ਸਹੀ ਕੰਮ ਸੀ।"

# ਜਦੋਂ ਮੈਂ ਕਿਸੇ ਸਲਾਹਕਾਰ ਨਾਲ ਸੰਪਰਕ ਕਰਾਂ, ਤਾਂ ਮੈਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

ਤੁਸੀਂ ਕਰਜ਼ੇ ਸੰਬੰਧੀ ਸਲਾਹ ਲੈਣ ਬਾਰੇ ਚਿੰਤਤ ਹੋ ਸਕਦੇ ਹੋ, ਖਾਸ ਕਰਕੇ ਜੇਕਰ ਤੁਸੀਂ ਇਹ ਨਹੀਂ ਜਾਣਦੇ ਕਿ ਕੀ ਉਮੀਦ ਕਰਨੀ ਹੈ। ਤੁਸੀਂ ਇਕੱਲੇ ਨਹੀਂ ਹੋ, ਅਤੇ ਮਦਦ ਲੈਣ ਵਿੱਚ ਕਦੇ ਵੀ ਬਹੁਤ ਜਲਦੀ ਜਾਂ ਬਹੁਤ ਦੇਰ ਨਹੀਂ ਹੁੰਦੀ। ਆਪਣੀਆਂ ਕਰਜ਼ੇ ਦੀਆਂ ਸਮੱਸਿਆਵਾਂ ਨੂੰ ਸਵੀਕਾਰ ਕਰਨ ਅਤੇ ਉਹਨਾਂ 'ਤੇ ਕਾਰਵਾਈ ਕਰਨ ਨਾਲ ਤੁਹਾਨੂੰ ਬਿਹਤਰ ਮਹਿਸੂਸ ਹੋਵੇਗਾ।



**ਮੇਰੀ ਕਹਾਣੀ:**

"ਇਹ ਮੇਰੀ ਗਲਤੀ ਨਹੀਂ ਸੀ ਕਿ ਮੇਰੀ ਆਮਦਨੀ ਇੰਨੀ ਘੱਟ ਗਈ ਸੀ, ਪਰ ਮੈਂ ਅੱਗੇ ਦੀ ਯੋਜਨਾ ਨਾ ਬਣਾਉਣ ਲਈ ਆਪਣੇ-ਆਪ ਨੂੰ ਜ਼ਿੰਮੇਵਾਰ ਠਹਿਰਾਉਂਦੀ ਰਹੀ। ਮੇਰੇ ਪੈਸੇ ਸੰਬੰਧੀ ਸਲਾਹਕਾਰ ਨੇ ਮੇਰੀ ਇਹ ਸਮਝਣ ਵਿੱਚ ਮਦਦ ਕੀਤੀ ਕਿ ਬਹੁਤ ਸਾਰੇ ਲੋਕ ਖੁਦ ਨੂੰ ਮੁਸ਼ਕਲ ਵਿੱਚ ਪਾਉਂਦੇ, ਜੇਕਰ ਉਹਨਾਂ ਨੇ ਅਚਾਨਕ ਆਮਦਨੀ ਦਾ ਇੱਕ ਵੱਡਾ ਹਿੱਸਾ ਗੁਆਇਆ ਹੁੰਦਾ। ਇਹ ਸ਼ਰਮ ਦੀ ਗੱਲ ਨਹੀਂ ਸੀ।"

ਯਾਦ ਰੱਖੋ ਕਿ ਤੁਹਾਨੂੰ ਪਰਖਿਆ ਨਹੀਂ ਜਾਵੇਗਾ, ਸ਼ਰਮਿੰਦਾ ਨਹੀਂ ਕੀਤਾ ਜਾਵੇਗਾ ਜਾਂ ਇਹ ਮਹਿਸੂਸ ਨਹੀਂ ਕਰਵਾਇਆ ਜਾਵੇਗਾ ਕਿ ਤੁਸੀਂ ਕੁਝ ਗਲਤ ਕੀਤਾ ਹੈ। ਤੁਸੀਂ ਮਦਦ ਲਈ ਕਿਤੇ ਵੀ ਜਾਂਦੇ ਹੋ, ਫਿਰ ਵੀ ਪ੍ਰਕਿਰਿਆ ਸਮਾਨ ਹੋਣੀ ਚਾਹੀਦੀ ਹੈ।

ਸਲਾਹ ਲੈਣ ਤੋਂ ਪਹਿਲਾਂ ਅਤੇ ਉਹਨਾਂ ਤਕ ਪਹੁੰਚਣ ਤੋਂ ਪਹਿਲਾਂ ਆਪਣੇ ਵਿੱਤ ਬਾਰੇ ਜਾਣਕਾਰੀ ਇਕੱਤਰ ਕਰਨਾ ਇੱਕ ਚੰਗਾ ਵਿਚਾਰ ਹੈ:

- ਤੁਹਾਡੀ ਆਮਦਨੀ ਦਾ ਵੇਰਵਾ - ਭੁਗਤਾਨ ਦੀਆਂ ਰਸੀਦਾਂ, ਪੈਨਸ਼ਨ ਸਟੇਟਮੈਂਟ ਅਤੇ ਕੋਈ ਲਾਭ ਪੱਤਰ
- ਤੁਹਾਡੇ ਘਰ ਦੇ ਬਿੱਲਾਂ ਅਤੇ ਰਹਿਣ-ਸਹਿਣ ਦੇ ਖਰਚਿਆਂ ਦੇ ਵੇਰਵੇ - ਤੁਸੀਂ ਰਿਹਾਇਸ਼ ਅਤੇ ਭੋਜਨ, ਯਾਤਰਾ ਅਤੇ ਰਹਿਣ-ਸਹਿਣ ਦੇ ਖਰਚਿਆਂ ਵਰਗੀਆਂ ਚੀਜ਼ਾਂ 'ਤੇ ਕਿੰਨਾ ਖਰਚ ਕਰਦੇ ਹੋ
- ਤੁਹਾਡੀ ਨਵੀਨਤਮ ਬੈਂਕ ਸਟੇਟਮੈਂਟ ਅਤੇ ਕਿਸੇ ਵੀ ਕਰਜ਼ੇ ਜਾਂ ਕ੍ਰੈਡਿਟ ਸਮਝੌਤਿਆਂ ਦੀਆਂ ਕਾਪੀਆਂ
- ਤੁਹਾਡੇ ਸਾਰੇ ਕਰਜ਼ਿਆਂ ਦੇ ਵੇਰਵੇ, ਜਿਸ ਵਿੱਚ ਇਹ ਸ਼ਾਮਲ ਹੈ ਕਿ ਤੁਹਾਡਾ ਕਿੰਨਾ ਬਕਾਇਆ ਬਾਕੀ ਹੈ, ਨਵੀਨਤਮ ਚਿੱਠੀਆਂ ਅਤੇ ਕੋਈ ਵੀ ਭੁਗਤਾਨ ਜੋ ਤੁਸੀਂ ਮੌਜੂਦਾ ਕਰਜ਼ਿਆਂ ਲਈ ਕਰ ਰਹੇ ਹੋ

ਜੇਕਰ ਤੁਸੀਂ ਇਸ ਗੱਲ ਬਾਰੇ ਯਕੀਨੀ ਨਹੀਂ ਹੋ ਕਿ ਤੁਹਾਡੇ ਕੋਲ ਕਿਸਦੇ ਪੈਸੇ ਬਕਾਇਆ ਹਨ, ਤਾਂ ਤੁਹਾਡੀ **ਕ੍ਰੈਡਿਟ ਰਿਪੋਰਟ** ਦੀ ਇੱਕ ਕਾਪੀ ਮਦਦ ਕਰ ਸਕਦੀ ਹੈ। ਤੁਸੀਂ ਟ੍ਰਾਂਸਯੂਨੀਅਨ (TransUnion), ਇਕੁਈਫੈਕਸ (Equifax) ਜਾਂ ਐਕਸਪੀਰੀਅਨ (Experian) ਦੁਆਰਾ ਇੱਕ ਕ੍ਰੈਡਿਟ ਰਿਪੋਰਟ ਤੱਕ ਪਹੁੰਚ ਕਰ ਸਕਦੇ ਹੋ, ਅਤੇ ਇਹਨਾਂ ਵਿੱਚੋਂ ਬਹੁਤ ਸਾਰੀਆਂ ਕ੍ਰੈਡਿਟ ਹਵਾਲਾ ਏਜੰਸੀਆਂ ਇੱਕ ਮਹੀਨੇ ਦੀ ਮੁਫ਼ਤ ਅਜ਼ਮਾਇਸ਼ ਦੀ ਪੇਸ਼ਕਸ਼ ਕਰਦੀਆਂ ਹਨ, ਜਿੱਥੇ ਤੁਸੀਂ ਆਪਣੀ ਕ੍ਰੈਡਿਟ ਫ਼ਾਈਲ ਨੂੰ ਆਨਲਾਈਨ ਐਕਸੈਸ ਕਰ ਸਕਦੇ ਹੋ।

- ਅਦਾਲਤ ਦੇ ਕੋਈ ਵੀ ਕਾਗਜ਼ਾਂ ਦੀ ਇੱਕ ਕਾਪੀ

ਕਰਜ਼ੇ ਬਾਰੇ ਸਲਾਹ ਦੌਰਾਨ, ਇਸ ਜਾਣਕਾਰੀ ਦੀ ਵਰਤੋਂ ਤੁਹਾਡੇ ਮਹੀਨਾਵਾਰ ਬਜਟ ਨੂੰ ਬਣਾਉਣ ਵਿੱਚ ਤੁਹਾਡੀ ਮਦਦ ਲਈ ਕੀਤੀ ਜਾਵੇਗੀ। ਤੁਸੀਂ ਜਿਸ ਪੈਸੇ ਸੰਬੰਧੀ ਸਲਾਹਕਾਰ ਜਾਂ ਆਨਲਾਈਨ ਸੇਵਾ ਦੀ ਵਰਤੋਂ ਕਰ ਰਹੇ ਹੋ, ਉਹ ਤੁਹਾਡੇ ਦੁਆਰਾ ਸਾਹਮਣਾ ਕੀਤੀ ਜਾ ਰਹੀ ਕਿਸੇ ਵੀ **ਅਦਾਲਤੀ ਤਾਮੀਲ ਦੀ ਕਾਰਵਾਈ** ਵਿੱਚ ਵਿਹਾਰਕ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਨ ਦੇ ਯੋਗ ਹੋਣਗੇ। ਸਲਾਹਕਾਰ ਲਈ ਤੁਹਾਡੀ ਸਥਿਤੀ ਨੂੰ ਸਮਝਣ ਅਤੇ ਤੁਹਾਡੀਆਂ ਜ਼ਰੂਰਤਾਂ ਅਨੁਸਾਰ ਸਲਾਹ ਤਿਆਰ ਕਰਨ ਵਿੱਚ ਮਦਦ ਕਰਨ ਲਈ ਖੁੱਲ੍ਹੇ ਅਤੇ ਇਮਾਨਦਾਰ ਹੋਣਾ ਮਹੱਤਵਪੂਰਨ ਹੈ। ਤੁਹਾਡੇ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਕੋਈ ਵੀ ਜਾਣਕਾਰੀ ਗੁਪਤ ਰੱਖੀ ਜਾਵੇਗੀ ਅਤੇ ਇਹ ਸਿਰਫ਼ ਤੁਹਾਡੇ ਲਈ ਸਹੀ ਕਰਜ਼ੇ ਦੇ ਹੱਲ ਦੀ ਪਛਾਣ ਕਰਨ ਲਈ ਵਰਤੀ ਜਾਵੇਗੀ।

# ਬਜਟ ਬਣਾਉਣਾ

ਬਜਟ ਉਸ ਸਾਰੀ ਆਮਦਨੀ, ਜੋ ਤੁਸੀਂ ਪ੍ਰਾਪਤ ਕਰਦੇ ਹੋ ਅਤੇ ਹਰ ਉਹ ਚੀਜ਼ ਜਿਸ 'ਤੇ ਤੁਸੀਂ ਹਰ ਮਹੀਨੇ ਪੈਸੇ ਖਰਚਦੇ ਹੋ, ਦੀ ਸੂਚੀ ਹੈ। ਪੈਸੇ ਸੰਬੰਧੀ ਸਲਾਹਕਾਰ ਬਜਟ ਬਣਾਉਣ ਵਿੱਚ ਤੁਹਾਡੀ ਮਦਦ ਕਰੇਗਾ।

ਬਜਟ ਬਣਾਉਣਾ ਤੁਹਾਡੇ ਵਿੱਤ 'ਤੇ ਨਿਯੰਤਰਣ ਵਾਪਸ ਲੈਣ ਅਤੇ ਤੁਹਾਡੀ ਸਥਿਤੀ ਨੂੰ ਮੁੜ ਲੀਹ 'ਤੇ ਲਿਆਉਣ ਵੱਲ ਪਹਿਲਾ ਕਦਮ ਹੈ। ਬਜਟ ਬਣਾਉਣਾ ਤੁਹਾਡੀ ਇਹ ਦੇਖਣ ਵਿੱਚ ਮਦਦ ਕਰਦਾ ਹੈ ਕਿ ਤੁਹਾਡਾ ਪੈਸਾ ਕਿੱਥੇ ਜਾ ਰਿਹਾ ਹੈ, ਇਸ ਲਈ ਇਹ ਯਕੀਨੀ ਬਣਾਉਣਾ ਵਧੇਰੇ ਸੌਖਾ ਹੁੰਦਾ ਹੈ ਕਿ ਉਹ ਸਾਰੀਆਂ ਚੀਜ਼ਾਂ ਤੁਹਾਡੀ ਸਮਰੱਥਾ ਵਿੱਚ ਹਨ, ਜਿਨ੍ਹਾਂ ਲਈ ਤੁਹਾਨੂੰ ਭੁਗਤਾਨ ਕਰਨ ਦੀ ਜ਼ਰੂਰਤ ਹੈ। ਬਜਟ ਬਣਾਉਣਾ ਉਨ੍ਹਾਂ ਖੇਤਰਾਂ ਨੂੰ ਲੱਭਣ ਦਾ ਇੱਕ ਵਧੀਆ ਤਰੀਕਾ ਹੈ, ਜਿੱਥੇ ਤੁਸੀਂ ਸੰਭਾਵਤ ਤੌਰ 'ਤੇ ਬੱਚਤ ਕਰ ਸਕਦੇ ਹੋ, ਅਤੇ ਇਹ ਤੁਹਾਨੂੰ ਅਚਾਨਕ ਭੁਗਤਾਨਾਂ ਨਾਲ ਨਜਿੱਠਣ ਲਈ ਵੀ ਬਹੁਤ ਵਧੀਆ ਸਥਿਤੀ ਵਿੱਚ ਲਿਆ ਸਕਦਾ ਹੈ।

### ਕਦਮ 1: ਆਪਣੀ ਕੁੱਲ ਆਮਦਨੀ ਦਾ ਪਤਾ ਲਗਾਓ

ਤੁਹਾਡਾ ਪੈਸੇ ਸੰਬੰਧੀ ਸਲਾਹਕਾਰ, ਜਾਂ ਇੱਕ ਆਨਲਾਈਨ ਕਰਜ਼ੇ ਸੰਬੰਧੀ ਸਲਾਹ ਟੂਲ, ਹਰ ਮਹੀਨੇ ਤੁਹਾਡੀ ਸਾਰੀ ਆਮਦਨੀ ਨੂੰ ਜੋੜੇਗਾ, ਜਿਸ ਵਿੱਚ ਤਨਖਾਹਾਂ, ਲਾਭਾਂ ਜਾਂ ਪੈਨਸ਼ਨਾਂ ਸਮੇਤ ਹਰ ਚੀਜ਼ ਨੂੰ ਸ਼ਾਮਲ ਕਰਨਾ ਯਕੀਨੀ ਬਣਾਇਆ ਜਾਵੇਗਾ। ਤੁਹਾਡੇ ਦੁਆਰਾ ਨਿਯਮਿਤ ਰੂਪ ਵਿੱਚ ਪ੍ਰਾਪਤ ਹੋਣ ਵਾਲਾ ਕੋਈ ਹੋਰ ਪੈਸਾ, ਜਿਵੇਂ ਕਿ ਤੁਹਾਡੇ ਸਾਥੀ ਜਾਂ ਨਿਰਭਰ ਲੋਕਾਂ ਤੋਂ ਕਿਰਾਇਆ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਤੁਹਾਡਾ ਪੈਸੇ ਸੰਬੰਧੀ ਸਲਾਹਕਾਰ ਤੁਹਾਨੂੰ ਉਨ੍ਹਾਂ ਸਾਰੇ ਲਾਭਾਂ ਬਾਰੇ ਸਲਾਹ ਦੇ ਸਕਦਾ ਹੈ, ਜਿਨ੍ਹਾਂ ਦੇ ਤੁਸੀਂ ਹੱਕਦਾਰ ਹੋ।

### ਕਦਮ 2: ਤੁਹਾਡੇ ਵੱਲੋਂ ਹਰ ਮਹੀਨੇ ਖਰਚ ਕੀਤੀ ਜਾਣ ਵਾਲੀ ਹਰੇਕ ਚੀਜ਼ ਦੀ ਇੱਕ ਸੂਚੀ ਬਣਾਓ

ਫਿਰ ਤੁਹਾਨੂੰ ਤੁਹਾਡੇ ਸਭ ਤੋਂ ਮਹੱਤਵਪੂਰਣ ਬਿੱਲਾਂ ਜਿਵੇਂ ਕਿ ਤੁਹਾਡੇ ਗਿਰਵੀਨਾਮੇ, ਕਰਜ਼ਿਆਂ, ਕਿਰਾਏ, ਕੌਂਸਲ ਟੈਕਸ, ਘਰੇਲੂ ਬਿੱਲਾਂ ਜਿਵੇਂ ਕਿ ਗੈਸ ਅਤੇ ਬਿਜਲੀ ਅਤੇ ਕਿਸੇ ਵੀ **ਕਿਰਾਏ ਵਾਲੀ ਖਰੀਦਦਾਰੀ** ਜਾਂ **ਨਿੰਜੀ ਇਕਰਾਰਨਾਮੇ ਸੰਬੰਧੀ ਖਰੀਦ ਸਮਝੌਤਿਆਂ** (ਆਮ ਤੌਰ 'ਤੇ ਕਾਰ ਖਰੀਦਣ ਲਈ ਵਰਤੇ ਜਾਂਦੇ ਹਨ) ਦੀ ਸੂਚੀ ਬਣਾਉਣ ਲਈ ਕਿਹਾ ਜਾਵੇਗਾ।

ਇਹ ਮਹੱਤਵਪੂਰਣ ਹਨ, ਕਿਉਂਕਿ ਉਹਨਾਂ ਦਾ ਭੁਗਤਾਨ ਨਾ ਕਰਨ ਦੇ ਨਤੀਜੇ ਹੋਰ ਕਿਸਮਾਂ ਦੇ ਖਰਚਿਆਂ ਦੀ ਤੁਲਨਾ ਨਾਲੋਂ ਵਧੇਰੇ ਹੁੰਦੇ ਹਨ। ਇਹ ਤੁਹਾਡੇ **ਤਰਜੀਹੀ ਕਰਜ਼ੇ ਹਨ**। ਉਦਾਹਰਣ ਵਜੋਂ, ਜੇਕਰ ਤੁਸੀਂ ਆਪਣੇ ਕਿਰਾਏ ਜਾਂ ਗਿਰਵੀਨਾਮੇ ਦਾ ਭੁਗਤਾਨ ਨਹੀਂ ਕਰਦੇ ਹੋ, ਤਾਂ ਤੁਸੀਂ ਆਪਣਾ ਘਰ ਗੁਆ ਸਕਦੇ ਹੋ। ਤੁਹਾਨੂੰ ਹਮੇਸ਼ਾਂ ਆਪਣੇ ਦੂਜੇ ਕਰਜ਼ਿਆਂ ਤੋਂ ਪਹਿਲਾਂ ਇਹਨਾਂ ਦਾ ਭੁਗਤਾਨ ਜ਼ਰੂਰ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਪਹਿਲਾਂ ਹੀ ਇਹਨਾਂ ਤਰਜੀਹੀ ਬਿੱਲਾਂ ਦੇ ਭੁਗਤਾਨ ਵਿੱਚ ਪਛੜ ਗਏ ਹੋ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਕਾਰਵਾਈ ਕੀਤੀ ਜਾ ਰਹੀ ਹੈ, ਤਾਂ ਤੁਹਾਡੀ ਸਲਾਹ ਇਸਨੂੰ ਧਿਆਨ ਵਿੱਚ ਰੱਖੇਗੀ।

ਅੱਗੇ, ਤੁਸੀਂ ਇਹ ਦੇਖੋਗੇ ਕਿ ਤੁਸੀਂ ਆਮ ਤੌਰ 'ਤੇ ਰਹਿਣ-ਸਹਿਣ ਦੇ ਖਰਚਿਆਂ ਜਿਵੇਂ ਕਿ ਭੋਜਨ, ਕੱਪੜੇ ਅਤੇ ਇਸ਼ਨਾਨ ਸਮੱਗਰੀ, ਯਾਤਰਾ, ਫ਼ੋਨ ਅਤੇ ਇੰਟਰਨੈਟ 'ਤੇ ਕਿੰਨੇ ਪੈਸੇ ਖਰਚ ਕਰਦੇ ਹੋ। ਖਰੀਦਦਾਰੀ ਦੀਆਂ ਰਸੀਦਾਂ ਤੁਹਾਨੂੰ ਇਹ ਪਤਾ ਲਗਾਉਣ ਵਿੱਚ ਮਦਦ ਕਰ ਸਕਦੀਆਂ ਹਨ ਕਿ ਤੁਸੀਂ ਹਰ ਮਹੀਨੇ ਇਨ੍ਹਾਂ 'ਤੇ ਕਿੰਨੇ ਪੈਸੇ ਖਰਚ ਕਰਦੇ ਹੋ।

ਜੇਕਰ ਤੁਸੀਂ ਇਸ ਗੱਲ ਬਾਰੇ ਨਿਸ਼ਚਤ ਨਹੀਂ ਹੋ ਕਿ ਤੁਸੀਂ ਆਪਣਾ ਪੈਸਾ ਕਿਸ ਚੀਜ਼ 'ਤੇ ਖਰਚ ਕਰ ਰਹੇ ਹੋ, ਤਾਂ ਤੁਹਾਡੇ ਵੱਲੋਂ ਇੱਕ ਮਹੀਨੇ ਵਿੱਚ ਖਰੀਦੀ ਜਾਣ ਵਾਲੀ ਹਰੇਕ ਚੀਜ਼ ਨੂੰ ਲਿਖਣ ਦੀ ਕੋਸ਼ਿਸ਼ ਕਰੋ। ਇਸ ਨਾਲ ਤੁਹਾਨੂੰ ਤੁਹਾਡੇ ਨਿਯਮਤ ਖਰਚਿਆਂ ਬਾਰੇ ਸਪਸ਼ਟ ਅੰਦਾਜ਼ਾ ਹੋਵੇਗਾ।

ਕਿਸੇ ਵੈਬਸਾਈਟ ‘ਤੇ ਪੈਸੇ ਸੰਬੰਧੀ ਸਲਾਹਕਾਰ, ਜਾਂ ਆਨਲਾਈਨ ਟੂਲ, ਤੁਹਾਡੀ ਆਮਦਨੀ ਨੂੰ ਵੱਧ ਤੋਂ ਵੱਧ ਕਰਨ ਦੀ ਕੋਸ਼ਿਸ਼ ਕਰੇਗਾ ਅਤੇ ਉਹਨਾਂ ਖੇਤਰਾਂ ਬਾਰੇ ਸਿਫ਼ਾਰਸ਼ਾਂ ਕਰ ਸਕਦਾ ਹੈ, ਜਿੱਥੇ ਤੁਸੀਂ ਬੱਚਤ ਕਰ ਸਕਦੇ ਹੋ। ਜੇਕਰ ਹਾਲ ਹੀ ਵਿੱਚ ਤੁਹਾਡੇ ਹਾਲਾਤ ਵਿੱਚ ਕੋਈ ਬਦਲਾਅ ਆਇਆ ਹੈ, ਤਾਂ ਇਹ ਗੱਲ ਜਾਂਚਣ ਯੋਗ ਹੋਵੇਗੀ ਕਿ ਕੀ ਤੁਸੀਂ ਉਨ੍ਹਾਂ ਲਾਭਾਂ ਲਈ ਅਪਲਾਈ ਕਰ ਸਕਦੇ ਹੋ, ਜਿਨ੍ਹਾਂ ਦੇ ਤੁਸੀਂ ਹੱਕਦਾਰ ਹੋ। ਸਕੌਟਲੈਂਡ ਵਿੱਚ ਹੋਰ ਲਾਭ ਪਹੁੰਚਾਉਣ ਲਈ ਇੱਕ ਨਵੀਂ ਏਜੰਸੀ, ਸੋਸ਼ਲ ਸਿਕਿਓਰਿਟੀ ਸਕੌਟਲੈਂਡ (Social Security Scotland) ਬਣਾਈ ਗਈ ਹੈ।

### ਕਦਮ 3: ਤੁਹਾਡੀ ਮਹੀਨਾਵਾਰ ਆਮਦਨੀ ਤੋਂ ਹਰ ਮਹੀਨੇ ਖਰਚ ਕੀਤੀ ਕੁੱਲ ਰਕਮ ਨੂੰ ਘਟਾਓ

ਜੇਕਰ ਤੁਹਾਡੇ ਕੋਲ ਹਰ ਚੀਜ਼ ਦਾ ਭੁਗਤਾਨ ਕਰਨ ਤੋਂ ਬਾਅਦ ਕੋਈ ਪੈਸਾ ਬਚਿਆ ਹੈ, ਤਾਂ ਤੁਹਾਡਾ **ਬਜਟ ਸਰਪਲੱਸ (ਬੱਚਤ) ਹੁੰਦਾ ਹੈ**। ਜੇਕਰ ਤੁਸੀਂ ਆਮਦਨੀ ਨਾਲੋਂ ਜ਼ਿਆਦਾ ਪੈਸਾ ਖਰਚ ਕਰ ਰਹੇ ਹੋ, ਤਾਂ ਤੁਹਾਡਾ **ਬਜਟ ਘਾਟੇ ਵਿੱਚ ਹੈ**।

ਇੱਕ ਵਾਰ ਜਦੋਂ ਤੁਸੀਂ ਕਿਸੇ ਬਜਟ ਨਾਲ ਸਹਿਮਤ ਹੋ ਜਾਂਦੇ ਹੋ ਅਤੇ ਤੁਸੀਂ ਆਪਣੇ ਤਰਜੀਹੀ ਬਿੱਲਾਂ ਅਤੇ ਰਹਿਣ-ਸਹਿਣ ਦੇ ਖਰਚਿਆਂ ਦਾ ਭੁਗਤਾਨ ਕਰ ਸਕਦੇ ਹੋ, ਤਾਂ ਤੁਹਾਡਾ ਪੈਸੇ ਸੰਬੰਧੀ ਸਲਾਹਕਾਰ ਇਹ ਦੇਖੇਗਾ ਕਿ ਤੁਹਾਡੇ **ਅਸੁਰੱਖਿਅਤ ਕਰਜ਼ਿਆਂ** ਦੇ ਪ੍ਰਬੰਧਨ ਲਈ ਕਿਹੜੇ ਵਿਕਲਪ ਉਪਲਬਧ ਹਨ। ਜਦੋਂ ਕੋਈ ਕਰਜ਼ਾ ਅਸੁਰੱਖਿਅਤ ਹੁੰਦਾ ਹੈ, ਤਾਂ ਇਸਦਾ ਮਤਲਬ ਇਹ ਹੁੰਦਾ ਹੈ ਕਿ ਤੁਸੀਂ ਇਸਨੂੰ ਉਸ ਚੀਜ਼ ਦੇ ਵਿਰੁੱਧ ‘ਸੁਰੱਖਿਅਤ’ ਨਹੀਂ ਕੀਤਾ ਸੀ, ਜਦੋਂ ਤੁਸੀਂ ਇਸਨੂੰ ਲਿਆ ਸੀ, ਜਿਵੇਂ ਕਿ ਤੁਹਾਡਾ ਘਰ ਜਾਂ ਕਾਰ।

ਤੁਹਾਡੇ ਅਸੁਰੱਖਿਅਤ ਕਰਜ਼ਿਆਂ ਵਿੱਚ ਨਿੱਜੀ ਕਰਜ਼ੇ, ਕ੍ਰੈਡਿਟ ਕਾਰਡ, ਓਵਰਡ੍ਰਾਫ਼ਟ, ਸਟੋਰ ਕਾਰਡ, ਕੈਟਾਲਾਗ ਕਰਜ਼ੇ, ਜਾਂ ਰੱਦ ਕੀਤੇ ਗਏ ਇਕਰਾਰਨਾਮੇ ਸ਼ਾਮਲ ਹਨ, ਜਿਵੇਂ ਕਿ ਪੁਰਾਣੇ ਮੋਬਾਈਲ ਫ਼ੋਨ ਦੇ ਕਰਜ਼ੇ।

ਇਹਨਾਂ ਕਰਜ਼ਿਆਂ ਨੂੰ **ਗੈਰ-ਤਰਜੀਹੀ** ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਕਿਉਂਕਿ ਇਹਨਾਂ ਦਾ ਭੁਗਤਾਨ ਨਾ ਕਰਨ ਦੇ ਨਤੀਜੇ ਤੁਹਾਡੇ ਤਰਜੀਹੀ ਕਰਜ਼ਿਆਂ ਦਾ ਭੁਗਤਾਨ ਨਾ ਕਰਨ ਨਾਲੋਂ ਘੱਟ ਗੰਭੀਰ ਹੁੰਦੇ ਹਨ।

ਇੱਕ ਵਾਰ ਜਦੋਂ ਤੁਹਾਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਤੁਹਾਡੀ ਕਿੰਨੀ ਆਮਦਨੀ ਬਾਕੀ ਹੈ, ਤਾਂ ਤੁਸੀਂ ਇਸ ਬਾਰੇ ਸੋਚ ਸਕਦੇ ਹੋ ਕਿ ਆਪਣੇ ਗੈਰ-ਤਰਜੀਹੀ ਕਰਜ਼ਿਆਂ ਨਾਲ ਕਿਵੇਂ ਨਜਿੱਠਣਾ ਹੈ। ਜੇਕਰ ਤੁਸੀਂ ਇਹਨਾਂ ਗੈਰ-ਤਰਜੀਹੀ ਕਰਜ਼ਿਆਂ ਲਈ ਘੱਟੋ-ਘੱਟ ਭੁਗਤਾਨਾਂ ਨੂੰ ਜਾਰੀ ਨਹੀਂ ਰੱਖ ਸਕਦੇ ਹੋ, ਤਾਂ ਤੁਹਾਨੂੰ ਅਜਿਹਾ ਕਰਨ ਵਿੱਚ ਮਦਦ ਲਈ ਕਰਜ਼ੇ ਦੇ ਹੱਲ ਲਈ ਅਪਲਾਈ ਕਰਨਾ ਪੈ ਸਕਦਾ ਹੈ। ਤੁਹਾਡਾ ਪੈਸੇ ਸੰਬੰਧੀ ਸਲਾਹਕਾਰ, ਜਾਂ ਆਨਲਾਈਨ ਸਲਾਹ ਟੂਲ ਤੁਹਾਡੇ ਵਿਕਲਪਾਂ ਨੂੰ ਵਿਸਥਾਰ ਵਿੱਚ ਦੱਸੇਗਾ ਅਤੇ ਇਹ ਸਮਝਾਏਗਾ ਕਿ ਅਗਲੇ ਕਦਮ ਕੀ ਹਨ ਅਤੇ ਤੁਹਾਨੂੰ ਆਪਣੇ ਵਿੱਤ ਦਾ ਨਿਯੰਤਰਣ ਵਾਪਸ ਲੈਣ ਸਮੇਂ ਕਿਵੇਂ ਸਹਾਇਤਾ ਮਿਲੇਗੀ।



**ਮੇਰੀ ਕਹਾਣੀ:**

“ਬੇਸ਼ੱਕ, ਮੈਂ ਪਹਿਲਾਂ ਬਜਟ ਅਨੁਸਾਰ ਚੱਲਣ ਦੀ ਕੋਸ਼ਿਸ਼ ਕੀਤੀ ਸੀ, ਅਤੇ ਮੈਂ ਆਪਣੇ ਪੈਸੇ ਸੰਬੰਧੀ ਸਲਾਹਕਾਰ ਨੂੰ ਕਿਹਾ ਕਿ ਮੈਂ ਭੋਜਨ ਅਤੇ ਹੋਰ ਜ਼ਰੂਰੀ ਚੀਜ਼ਾਂ ‘ਤੇ ਖਰਚ ਕਰਨ ਲਈ ਲੋੜੀਂਦੇ ਪੈਸੇ ਹੋਣ ਬਾਰੇ ਚਿੰਤਤ ਸੀ।

“ਉਹਨਾਂ ਨੇ ਮੈਨੂੰ ਦੱਸਿਆ ਕਿ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਬਜਟ ਵਿੱਚ ਮੇਰੇ ਸਾਰੇ ਘਰੇਲੂ ਬਿੱਲਾਂ ਨੂੰ ਸ਼ਾਮਲ ਕੀਤਾ ਗਿਆ ਸੀ ਅਤੇ ਉਹਨਾਂ ਚੀਜ਼ਾਂ ਦੀ ਇਜਾਜ਼ਤ ਦਿੱਤੀ ਗਈ ਸੀ, ਜਿਵੇਂ ਕਿ ਸਮੇਂ-ਸਮੇਂ ‘ਤੇ ਵਾਲ ਕਟਵਾਉਣਾ ਅਤੇ ਮੇਰੇ ਪਰਿਵਾਰ ਲਈ ਕੁਝ ਤੋਹਫ਼ੇ ਲੈਣਾ।

“ਮੈਨੂੰ ਰਾਹਤ ਮਿਲੀ ਸੀ ਕਿ ਮੈਂ ਆਪਣੇ ਕਰਜ਼ੇ ਨਾਲ ਨਜਿੱਠ ਸਕਦੀ ਹਾਂ ਅਤੇ ਖਰਚਿਆਂ ਨੂੰ ਪੂਰਾ ਕਰਨ ਲਈ ਲੋੜੀਂਦਾ ਪੈਸਾ ਪਾਸੇ ਰੱਖ ਸਕਦੀ ਹਾਂ। ਮੈਨੂੰ ਭੁਗਤਾਨ ਕਰਨ ਲਈ ਕਦੇ ਵੀ ਦੁਬਾਰਾ ਭੋਜਨ ਨਹੀਂ ਛੱਡਣਾ ਪਵੇਗਾ।”

# ਬਜਟ ਯੋਜਨਾਕਾਰ – ਆਮਦਨੀ

ਜਿਵੇਂ ਕਿ ਤੁਹਾਡੇ ਜ਼ਿਆਦਾਤਰ ਘਰੇਲੂ ਬਿੱਲਾਂ ਅਤੇ ਕਰਜ਼ੇ ਦਾ ਭੁਗਤਾਨ ਮਹੀਨਾਵਾਰ ਕੀਤਾ ਜਾਂਦਾ ਹੈ, ਤੁਹਾਨੂੰ ਆਪਣੇ ਬਜਟ ਦੇ ਸਾਰੇ ਅੰਕੜਿਆਂ ਨੂੰ ਮਹੀਨਾਵਾਰ ਰਕਮਾਂ ਵਿੱਚ ਬਦਲਣਾ ਚਾਹੀਦਾ ਹੈ।

ਤੁਹਾਨੂੰ ਹਰ ਮਹੀਨੇ ਪ੍ਰਾਪਤ ਹੋਣ ਵਾਲੀ ਸਾਰੀ ਆਮਦਨੀ ਜੋੜੋ। ਇਹ ਯਕੀਨੀ ਬਣਾਓ ਕਿ ਤੁਸੀਂ ਹਰ ਚੀਜ਼ ਨੂੰ ਸ਼ਾਮਲ ਕਰਦੇ ਹੋ, ਭਾਵੇਂ ਇਹ ਤਨਖਾਹ ਹੋਵੇ, ਲਾਭ ਹੋਣ ਜਾਂ ਪੈਨਸ਼ਨਾਂ। ਜੇਕਰ ਤੁਹਾਡੀ ਕੁਝ ਆਮਦਨੀ ਦਾ ਭੁਗਤਾਨ ਹਫ਼ਤਾਵਾਰੀ ਜਾਂ ਚਾਰ-ਹਫ਼ਤਿਆਂ ਤੇ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਇਹਨਾਂ ਅੰਕੜਿਆਂ ਨੂੰ ਕੈਲੰਡਰ ਮੁਤਾਬਕ ਮਹੀਨਾਵਾਰ ਵਿੱਚ ਬਦਲਣ ਦੀ ਜ਼ਰੂਰਤ ਹੋਵੇਗੀ।

ਅਜਿਹਾ ਕਰਨ ਲਈ ਤੁਹਾਨੂੰ ਹਫ਼ਤਾਵਾਰੀ ਅੰਕੜੇ ਨੂੰ 52 ਨਾਲ ਗੁਣਾ ਕਰਨ ਅਤੇ ਫਿਰ ਇਸਨੂੰ 12 ਨਾਲ ਵੰਡਣ ਦੀ ਜ਼ਰੂਰਤ ਹੈ।
ਇਹ ਫਿਰ ਤੁਹਾਨੂੰ ਤੁਹਾਡੇ ਬਜਟ ਵਿੱਚ ਸ਼ਾਮਲ ਕਰਨ ਲਈ ਕੈਲੰਡਰ ਮੁਤਾਬਕ ਮਹੀਨਾਵਾਰ ਅੰਕੜਾ ਦੇਵੇਗਾ।

| ਆਮਦਨੀ: ਤੁਹਾਨੂੰ ਕਿੰਨੇ ਪੈਸੇ ਪ੍ਰਾਪਤ ਹੁੰਦੇ ਹਨ?* | | |
|---|---|---|
| ਜੇਕਰ ਤੁਹਾਡੀ ਆਮਦਨੀ ਬਦਲਦੀ ਹੈ, ਤਾਂ ਔਸਤਨ ਰਕਮ ਦਾਖ਼ਲ ਕਰੋ | **ਭੁਗਤਾਨ ਦੀ ਰਕਮ £** | **ਕਿੰਨੀ ਵਾਰੀ? ਉਦਾਹਰਣ ਵਜੋਂ ਹਫ਼ਤਾਵਾਰੀ, ਮਹੀਨਾਵਾਰ** |
| ਕਮਾਈਆਂ | | |
| ਤਨਖਾਹਾਂ | | |
| ਹੋਰ ਕਮਾਈਆਂ | | |
| ਪੈਨਸ਼ਨਾਂ | | |
| ਸਟੇਟ ਪੈਨਸ਼ਨ | | |
| ਪ੍ਰਾਈਵੇਟ / ਕੰਮ ਦੀ ਪੈਨਸ਼ਨ | | |
| ਪੈਨਸ਼ਨ ਕ੍ਰੈਡਿਟ | | |
| ਹੋਰ ਪੈਨਸ਼ਨ | | |

*ਕਿਰਪਾ ਕਰਕੇ ਨੋਟ ਕਰੋ, ਇਹ ਸਾਰੀਆਂ ਚੀਜ਼ਾਂ ਸ਼ਾਇਦ ਤੁਹਾਡੇ 'ਤੇ ਲਾਗੂ ਨਾ ਹੋਣ।

| ਲਾਭ ਅਤੇ ਟੈਕਸ ਕ੍ਰੈਡਿਟ | | |
|---|---|---|
| | ਭੁਗਤਾਨ ਦੀ ਰਕਮ<br>£ | ਕਿੰਨੀ ਵਾਰੀ? ਉਦਾਹਰਣ ਵਜੋਂ ਹਫ਼ਤਾਵਾਰੀ, ਮਹੀਨਾਵਾਰ |
| ਬੱਚਿਆਂ ਸੰਬੰਧੀ ਲਾਭ | | |
| ਬੱਚਿਆਂ ਸੰਬੰਧੀ ਟੈਕਸ ਕ੍ਰੈਡਿਟ | | |
| ਕੰਮ ਸੰਬੰਧੀ ਟੈਕਸ ਕ੍ਰੈਡਿਟ | | |
| ਯੂਨੀਵਰਸਲ ਕ੍ਰੈਡਿਟ | | |
| ਸਥਾਨਕ ਹਾਊਸਿੰਗ ਭੱਤਾ / ਹਾਊਸਿੰਗ ਲਾਭ | | |
| ਰੁਜ਼ਗਾਰ ਅਤੇ ਸਹਾਇਤਾ ਭੱਤਾ | | |
| ਆਮਦਨੀ ਸੰਬੰਧੀ ਸਹਾਇਤਾ | | |
| ਅਪਾਹਜਤਾ ਸੰਬੰਧੀ ਭੱਤਾ (DLA / PIP) | | |
| ਬੱਚਿਆਂ ਸੰਬੰਧੀ ਅਪਾਹਜਤਾ ਭੁਗਤਾਨ (DLA / PIP) | | |
| ਨੌਕਰੀ ਲੱਭਣ ਵਾਲੇ ਦਾ ਭੱਤਾ (ਯੋਗਦਾਨ-ਅਧਾਰਿਤ) | | |
| ਨੌਕਰੀ ਲੱਭਣ ਵਾਲੇ ਦਾ ਭੱਤਾ (ਆਮਦਨੀ-ਅਧਾਰਿਤ) | | |
| ਬਿਮਾਰੀ ਦੌਰਾਨ ਮਿਲਣ ਵਾਲੀ ਤਨਖਾਹ | | |
| ਦੇਖਭਾਲ ਕਰਨ ਵਾਲੇ ਸੰਬੰਧੀ ਭੱਤਾ | | |
| ਹੋਰ ਲਾਭ | | |
| ਹੋਰ ਆਮਦਨੀ | | |
| ਬੋਰਡ ਜਾਂ ਰਿਹਾਇਸ਼ | | |
| ਗੈਰ-ਨਿਰਭਰ ਯੋਗਦਾਨ | | |
| ਬੱਚਿਆਂ ਸੰਬੰਧੀ ਸਹਾਇਤਾ / ਰੱਖ-ਰਖਾਅ | | |
| ਵਿਦਿਆਰਥੀ ਲਈ ਕਰਜ਼ੇ | | |
| ਵਿਦਿਆਰਥੀ ਗ੍ਰਾਂਟ / ਵਜ਼ੀਫ਼ਾ | | |
| ਹੋਰ ਆਮਦਨੀ | | |
| ਕੁੱਲ ਆਮਦਨੀ | | |

# ਬਜਟ ਯੋਜਨਾਕਾਰ - ਖਰਚ

ਇਹ ਪਤਾ ਲਗਾਉਣ ਲਈ ਇਸ ਬਜਟ ਸ਼ੀਟ ਦੀ ਵਰਤੋਂ ਕਰੋ ਕਿ ਤੁਸੀਂ ਕਿੰਨਾ ਖਰਚ ਕਰ ਰਹੇ ਹੋ।

| ਖਰਚਾ: ਤੁਸੀਂ ਕਿੰਨੇ ਪੈਸੇ ਖਰਚ ਕਰਦੇ ਹੋ?* | | |
|---|---|---|
| ਜੇਕਰ ਤੁਹਾਡਾ ਖਰਚਾ ਬਦਲਦਾ ਹੈ, ਤਾਂ ਔਸਤਨ ਰਕਮ ਦਾਖ਼ਲ ਕਰੋ | **ਭੁਗਤਾਨ ਦੀ ਰਕਮ £** | **ਕਿੰਨੀ ਵਾਰੀ? ਉਦਾਹਰਣ ਵਜੋਂ ਹਫ਼ਤਾਵਾਰੀ, ਮਹੀਨਾਵਾਰ, ਸਾਲਾਨਾ** |
| ਹਾਉਸਿੰਗ | | |
| ਕਿਰਾਇਆ | | |
| ਗਿਰਵੀਨਾਮਾ | | |
| ਸੁਰੱਖਿਅਤ ਕਰਜ਼ਾ / ਦੂਜਾ ਗਿਰਵੀਨਾਮਾ | | |
| ਗਿਰਵੀਨਾਮਾ ਅਦਾਇਗੀ ਪ੍ਰੀਮੀਅਮ | | |
| ਸੇਵਾ ਦੇ ਖਰਚੇ / ਫ਼ੈਕਟਰ ਫੀਸ | | |
| ਬਿਲਡਿੰਗ ਅਤੇ ਸਮੱਗਰੀ ਬੀਮਾ | | |
| ਕੌਂਸਲ ਟੈਕਸ (ਜਿਸ ਵਿੱਚ ਪਾਣੀ ਅਤੇ ਸੀਵਰੇਜ ਸ਼ਾਮਲ ਹੈ) | | |
| ਗੈਸ | | |
| ਬਿਜਲੀ | | |
| ਹੋਰ ਘਰੇਲੂ ਬਾਲਣ ਦੇ ਖਰਚੇ | | |
| ਟੀ.ਵੀ. ਦਾ ਲਾਇਸੰਸ | | |
| ਬੱਚਿਆਂ ਦੀ ਦੇਖਭਾਲ ਦੇ ਖਰਚੇ | | |
| ਬਾਲਗਾਂ ਦੀ ਦੇਖਭਾਲ ਦੇ ਖਰਚੇ | | |
| ਕਿਰਾਏ 'ਤੇ ਲੈਣ ਸੰਬੰਧੀ ਖਰੀਦਦਾਰੀ | | |
| ਨਿੱਜੀ ਇਕਰਾਰਨਾਮੇ ਸੰਬੰਧੀ ਖਰੀਦਦਾਰੀ | | |
| ਅਦਾਲਤ ਦੇ ਜ਼ੁਰਮਾਨੇ | | |
| ਬੱਚਿਆਂ ਦਾ ਰੱਖ-ਰਖਾਅ / ਸਹਾਇਤਾ | | |
| ਫ਼ੋਨ ਦੇ ਖਰਚੇ | | |
| ਘਰੇਲੂ ਫ਼ੋਨ | | |
| ਮੋਬਾਈਲ ਫ਼ੋਨ | | |

*ਕਿਰਪਾ ਕਰਕੇ ਨੋਟ ਕਰੋ, ਇਹ ਸਾਰੀਆਂ ਚੀਜ਼ਾਂ ਸ਼ਾਇਦ ਤੁਹਾਡੇ 'ਤੇ ਲਾਗੂ ਨਾ ਹੋਣ।

| ਘਰ ਦੇ ਮੈਂਬਰਾਂ ਦੇ ਖਰਚੇ | | |
|---|---|---|
| | ਭੁਗਤਾਨ ਦੀ ਰਕਮ £ | ਕਿੰਨੀ ਵਾਰੀ? ਉਦਾਹਰਣ ਵਜੋਂ ਹਫ਼ਤਾਵਾਰੀ, ਮਹੀਨਾਵਾਰ, ਸਾਲਾਨਾ |
| ਕਰਿਆਨੇ ਦਾ ਸਮਾਨ (ਜਿਵੇਂ ਭੋਜਨ ਅਤੇ ਦੁੱਧ) | | |
| ਇਸ਼ਨਾਨ ਸਮੱਗਰੀ | | |
| ਲਾਂਡਰੀ ਅਤੇ ਡ੍ਰਾਈ ਕਲੀਨ | | |
| ਹੋਰ ਭੋਜਨ ਅਤੇ ਹਾਊਸਕੀਪਿੰਗ | | |
| ਨੈਪੀਆਂ ਅਤੇ ਬੱਚਿਆਂ ਦੀਆਂ ਆਈਟਮਾਂ | | |
| ਪਾਲਤੂ ਜਾਨਵਰਾਂ ਦਾ ਭੋਜਨ | | |
| ਕੱਪੜੇ ਅਤੇ ਜੁੱਤੇ | | |
| ਸ਼ਰਾਬ | | |
| ਤਮਾਕੂਨੋਸ਼ੀ ਸੰਬੰਧੀ ਉਤਪਾਦ | | |
| ਸਕੂਲ ਦੀ ਵਰਦੀ | | |
| ਅਖ਼ਬਾਰ ਅਤੇ ਰਸਾਲੇ | | |
| ਕਲੀਨਰ | | |

| ਆਵਾਜਾਈ / ਯਾਤਰਾ ਦੇ ਖਰਚੇ | | |
|---|---|---|
| ਜਨਤਕ ਆਵਾਜਾਈ | | |
| ਟੈਕਸੀ | | |
| ਬਾਲਣ (ਪੈਟਰੋਲ, ਡੀਜ਼ਲ, ਤੇਲ ਆਦਿ) | | |
| ਕਾਰ ਦਾ ਬੀਮਾ | | |
| ਪਾਰਕਿੰਗ ਦੇ ਖਰਚੇ | | |
| ਟੋਲ ਚਾਰਜ | | |
| ਰੋਡ ਟੈਕਸ | | |
| ਬ੍ਰੇਕਡਾਊਨ ਬੀਮਾ | | |
| MOT ਅਤੇ ਰੱਖ-ਰਖਾਅ ਦੇ ਖਰਚੇ | | |
| ਹੋਰ ਆਵਾਜਾਈ ਅਤੇ ਯਾਤਰਾ | | |

| ਹੋਰ ਖਰਚੇ | | |
|---|---|---|
| | ਭੁਗਤਾਨ ਦੀ ਰਕਮ £ | ਕਿੰਨੀ ਵਾਰੀ? ਉਦਾਹਰਣ ਵਜੋਂ ਹਫ਼ਤਾਵਾਰੀ, ਮਹੀਨਾਵਾਰ, ਸਾਲਾਨਾ |
| ਕੰਮ 'ਤੇ ਭੋਜਨ | | |
| ਸਕੂਲ ਦੇ ਭੋਜਨ | | |
| ਦੰਦਾਂ ਜਾਂ ਅੱਖਾਂ ਦੇ ਡਾਕਟਰ | | |
| ਹੇਅਰਡ੍ਰੈਸਿੰਗ | | |
| ਸੈਟੇਲਾਈਟ ਟੀ.ਵੀ. | | |
| ਇੰਟਰਨੈੱਟ | | |
| ਸ਼ੌਕ, ਮਨੋਰੰਜਨ ਜਾਂ ਖੇਡ | | |
| ਸਿੱਖਿਆ ਦੀ ਫੀਸ | | |
| ਸਕੂਲ ਦੇ ਕਲੱਬ | | |
| ਜੇਬ ਖਰਚਾ | | |
| ਘਰੇਲੂ ਵਸਤੂਆਂ ਦੀ ਮੁਰੰਮਤ ਅਤੇ ਰੱਖ-ਰਖਾਅ | | |
| ਵਿੰਡੋ ਕਲੀਨਰ | | |
| ਬਾਗਬਾਨੀ | | |
| ਮੈਡੀਕਲ / ਦੁਰਘਟਨਾ ਬੀਮਾ | | |
| ਵੈੱਟ ਬਿੱਲ ਅਤੇ ਪਾਲਤੂ ਜਾਨਵਰਾਂ ਦਾ ਬੀਮਾ | | |
| ਚੈਰੀਟੇਬਲ ਦਾਨ | | |
| ਧਾਰਮਿਕ ਤੋਹਫ਼ੇ | | |
| ਜਨਮ ਦਿਨ ਸੰਬੰਧੀ ਤੋਹਫ਼ੇ | | |
| ਕੁੱਲ ਖਰਚੇ | | |

| ਸਾਰਾਂਸ਼ | |
|---|---|
| ਕੁੱਲ ਆਮਦਨੀ | |
| ਕੁੱਲ ਖਰਚੇ | |
| ਸਰਪਲੱਸ (ਘਾਟਾ) | |

**ਆਪਣੀ ਆਮਦਨੀ ਤੋਂ ਖਰਚਿਆਂ ਨੂੰ ਘਟਾਓ ਅਤੇ ਇਸ ਨਾਲ ਤੁਹਾਨੂੰ ਤੁਹਾਡਾ ਬਜਟ ਮਿਲੇਗਾ। ਵਧੇਰੇ ਜਾਣਕਾਰੀ ਲਈ ਪੰਨਾ ਨੌਂ ਦੇਖੋ।**

# ਪੈਸੇ ਸੰਬੰਧੀ ਸਲਾਹਕਾਰ ਕਿਸ ਚੀਜ਼ ਦੀ ਸਿਫ਼ਾਰਸ਼ ਕਰੇਗਾ?

ਹਰੇਕ ਵਿਅਕਤੀ ਦੇ ਹਾਲਾਤ ਵੱਖਰੇ-ਵੱਖਰੇ ਹੁੰਦੇ ਹਨ, ਅਤੇ ਹਰੇਕ ਵਿਅਕਤੀ ਨੂੰ ਆਪਣੇ ਵਿਅਕਤੀਗਤ ਕਰਜ਼ਿਆਂ ਨਾਲ ਨਜਿੱਠਣ ਦਾ ਸਹੀ ਤਰੀਕਾ ਲੱਭਣ ਦੀ ਜ਼ਰੂਰਤ ਹੁੰਦੀ ਹੈ। ਆਪਣੇ ਕਰਜ਼ ਸਲਾਹ ਸੈਸ਼ਨ ਦੇ ਅੰਤ 'ਤੇ ਤੁਹਾਨੂੰ ਤੁਹਾਡੀ ਸਥਿਤੀ ਦੇ ਅਧਾਰ 'ਤੇ ਸਿਫ਼ਾਰਸ਼ਾਂ ਦੀ ਪੇਸ਼ਕਸ਼ ਕੀਤੀ ਜਾਵੇਗੀ ਅਤੇ ਤੁਹਾਡੇ ਕੋਲ ਅਕਸਰ ਚੁਣਨ ਲਈ ਵੱਖੋ-ਵੱਖਰੇ ਵਿਕਲਪ ਹੋਣਗੇ। ਜੇਕਰ ਤੁਹਾਨੂੰ ਕਿਸੇ ਕਰਜ਼ੇ ਦੇ ਹੱਲ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਤੁਹਾਨੂੰ ਇਸਦੇ ਲਈ ਅਪਲਾਈ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ, ਤਾਂ ਤੁਹਾਨੂੰ ਆਪਣੇ ਬਜਟ ਦੇ ਪ੍ਰਬੰਧਨ ਅਤੇ ਆਪਣੇ ਲੈਣਦਾਰਾਂ ਨਾਲ ਨਜਿੱਠਣ ਬਾਰੇ ਵਿਹਾਰਕ ਸੁਝਾਅ ਵੀ ਮਿਲਣਗੇ।

ਕਰਜ਼ੇ ਦੇ ਕਿਸੇ ਹੱਲ ਦੇ ਨਾਲ ਅੱਗੇ ਵਧਣ ਲਈ, ਇੱਕ ਐਪਲੀਕੇਸ਼ਨ ਪ੍ਰਕਿਰਿਆ ਨੂੰ ਪੂਰਾ ਕਰਨਾ ਹੋਵੇਗਾ – ਤੁਹਾਡਾ ਪੈਸੇ ਸੰਬੰਧੀ ਸਲਾਹਕਾਰ ਇਹ ਦੱਸੇਗਾ ਕਿ ਉਹ ਇਸ ਵਿੱਚ ਤੁਹਾਡੀ ਕਿਵੇਂ ਮਦਦ ਕਰਨਗੇ।

**ਕਰਜ਼ੇ ਦੇ ਹੱਲ ਵਿਆਪਕ ਤੌਰ 'ਤੇ ਤਿੰਨ ਸ਼੍ਰੇਣੀਆਂ ਵਿੱਚ ਢੁਕਵੇਂ ਬੈਠਦੇ ਹਨ:**

1. ਕਰਜ਼ਿਆਂ ਦਾ ਦੁਬਾਰਾ-ਭੁਗਤਾਨ ਕਰਨਾ
2. ਕਰਜ਼ਿਆਂ ਦੀ ਪੂਰੀ ਜਾਂ ਅੰਸ਼ਿਕ ਮਾਫ਼ੀ
3. ਅਸਥਾਈ ਵਿਕਲਪ, ਥੋੜ੍ਹੇ ਸਮੇਂ ਲਈ, ਜਦੋਂ ਤੱਕ ਤੁਹਾਡੇ ਹਾਲਾਤ ਨਹੀਂ ਬਦਲਦੇ

ਗੈਰ ਰਸਮੀ ਅਤੇ ਰਸਮੀ ਕਰਜ਼ੇ ਦੇ ਹੱਲ ਉਪਲਬਧ ਹਨ, ਜੋ ਤੁਹਾਡੀ ਮਦਦ ਕਰ ਸਕਦੇ ਹਨ। ਤੁਹਾਨੂੰ ਸਹਾਇਤਾ ਦੇਣ ਲਈ ਵੱਖ-ਵੱਖ ਕਰਜ਼ ਸੰਬੰਧੀ ਸਲਾਹ ਪ੍ਰਦਾਤਾਵਾਂ ਦੀਆਂ ਵੱਖੋ-ਵੱਖਰੀਆਂ ਪ੍ਰਕਿਰਿਆਵਾਂ ਹੁੰਦੀਆਂ ਹਨ। ਹੇਠਾਂ ਦਿੱਤੇ ਪੰਨੇ ਤੁਹਾਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ ਕਿ ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਕੀ ਪੇਸ਼ਕਸ਼ ਕਰਦਾ ਹੈ। ਤੁਸੀਂ ਜੋ ਵੀ ਹੱਲ ਚੁਣਦੇ ਹੋ, ਕਰਜ਼ੇ ਸੰਬੰਧੀ ਸਲਾਹ ਸੰਸਥਾ ਨੂੰ ਤੁਹਾਡੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਪ੍ਰਕਿਰਿਆ ਦੇ ਦੌਰਾਨ ਤੁਹਾਡੀ ਮਦਦ ਕਰਨੀ ਚਾਹੀਦੀ ਹੈ।

ਕ੍ਰੈਡਿਟ ਫ਼ਾਈਲਾਂ ਵੱਖ-ਵੱਖ ਕਰਜ਼ੇ ਦੇ ਹੱਲਾਂ ਦੁਆਰਾ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਤੁਹਾਡਾ ਪੈਸੇ ਸੰਬੰਧੀ ਸਲਾਹਕਾਰ ਇਹ ਗੱਲ ਸਪਸ਼ਟ ਕਰ ਸਕਦਾ ਹੈ ਕਿ ਤੁਹਾਡੇ ਲਈ ਇਸਦਾ ਕੀ ਮਤਲਬ ਹੋ ਸਕਦਾ ਹੈ।

ਜੇਕਰ ਤੁਹਾਨੂੰ ਇਹ ਲੱਗਦਾ ਹੈ ਕਿ ਤੁਹਾਡਾ ਕੋਈ ਵੀ ਲੈਣਦਾਰ ਅਦਾਲਤਾਂ ਰਾਹੀਂ ਆਪਣੇ ਕਰਜ਼ੇ ਦੀ ਵਸੂਲੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਤੁਸੀਂ ਅਦਾਲਤੀ ਕਾਰਵਾਈ ਤੋਂ **ਰੋਕ (ਬੰਦਿਸ਼)** ਦੀ ਮਿਆਦ ਲਈ ਅਪਲਾਈ ਕਰ ਸਕਦੇ ਹੋ। ਇਹ ਤੁਹਾਨੂੰ ਤੁਹਾਡੇ ਕਰਜ਼ਿਆਂ ਬਾਰੇ ਸਲਾਹ ਅਤੇ ਸਹਾਇਤਾ ਪ੍ਰਾਪਤ ਕਰਨ ਵੇਲੇ ਸੁਰੱਖਿਆ ਪ੍ਰਦਾਨ ਕਰੇਗਾ।

ਇਸ ਸਮੇਂ ਦੌਰਾਨ, ਤੁਹਾਡੇ ਲੈਣਦਾਰ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਵਿਰੁੱਧ ਬਹੁਤੀਆਂ ਕਿਸਮਾਂ ਦੀ ਕਾਰਵਾਈ ਨਹੀਂ ਕਰ ਸਕਦੇ ਹਨ।

# 1: ਕਰਜ਼ੇ ਸੰਬੰਧੀ ਹੱਲ – ਤੁਹਾਡੇ ਕਰਜ਼ਿਆਂ ਦਾ ਵਾਪਸ ਭੁਗਤਾਨ ਕਰਨਾ

**ਕਰਜ਼ਾ ਪ੍ਰਬੰਧਨ ਸਕੀਮ (Debt Arrangement Scheme)** (DAS) ਤੁਹਾਨੂੰ ਉਸ ਮਿਆਦ ਦੌਰਾਨ ਤੁਹਾਡੇ ਕਰਜ਼ਿਆਂ ਦਾ ਪੂਰਾ ਭੁਗਤਾਨ ਕਰਨ ਵਿੱਚ ਸਹਾਇਤਾ ਦਿੰਦੀ ਹੈ, ਜੋ ਤੁਹਾਡੇ ਲਈ ਪ੍ਰਬੰਧਨਯੋਗ ਹੈ। ਤੁਹਾਡੇ ਰਹਿਣ-ਸਹਿਣ ਦੇ ਸਾਰੇ ਖਰਚਿਆਂ ਦਾ ਭੁਗਤਾਨ ਕੀਤੇ ਜਾਣ ਤੋਂ ਬਾਅਦ ਤੁਸੀਂ ਆਪਣੇ ਬਜਟ ਦੇ ਅਧਾਰ 'ਤੇ ਕਿਫ਼ਾਇਤੀ ਮਹੀਨਾਵਾਰ ਭੁਗਤਾਨ ਕਰਦੇ ਹੋ, ਜੋ ਤੁਹਾਡੇ ਲੈਣਦਾਰਾਂ ਵਿਚਕਾਰ ਸਾਂਝਾ ਕੀਤਾ ਜਾਂਦਾ ਹੈ। ਤੁਸੀਂ ਆਮ ਤੌਰ 'ਤੇ ਅਦਾਲਤੀ ਤਾਮੀਲ ਦੀ ਕਾਰਵਾਈ ਤੋਂ ਸੁਰੱਖਿਅਤ ਰਹਿੰਦੇ ਹੋ, ਅਤੇ ਜਦੋਂ ਤੁਸੀਂ ਆਪਣਾ ਭੁਗਤਾਨ ਕਰ ਰਹੇ ਹੁੰਦੇ ਹੋ, ਤਾਂ ਤੁਹਾਡੇ ਕਰਜ਼ਿਆਂ 'ਤੇ ਵਿਆਜ ਅਤੇ ਖਰਚੇ ਰੋਕ ਦਿੱਤੇ ਜਾਂਦੇ ਹਨ।

ਜਦੋਂ ਕੋਈ ਵਿਅਕਤੀ DAS ਦੇ ਹਿੱਸੇ ਵਜੋਂ ਕਰਜ਼ ਭੁਗਤਾਨ ਪ੍ਰੋਗਰਾਮ (Debt Payment Programme-DPP) ਲਈ ਅਪਲਾਈ ਕਰਦਾ ਹੈ, ਤਾਂ ਉਸ ਕੋਲ ਕੋਈ ਘੱਟੋ-ਘੱਟ ਜਾਂ ਵੱਧ ਤੋਂ ਵੱਧ ਕਰਜ਼ਾ ਰਾਸ਼ੀ ਨਹੀਂ ਹੁੰਦੀ ਹੈ।

ਤੁਸੀਂ ਮਨਜ਼ੂਰਸ਼ੁਦਾ ਪੈਸੇ ਸੰਬੰਧੀ ਸਲਾਹਕਾਰ ਜਾਂ **ਦੀਵਾਲੀਆਪਣ ਸੰਬੰਧੀ ਪ੍ਰੈਕਟੀਸ਼ਨਰ** ਦੀ ਸਹਾਇਤਾ ਨਾਲ DPP ਲਈ ਅਪਲਾਈ ਕਰਦੇ ਹੋ। ਉਹ ਇਸ ਗੱਲ ਦੀ ਜਾਂਚ ਕਰਨਗੇ ਕਿ ਕੀ ਤੁਸੀਂ ਯੋਗ ਹੋ ਜਾਂ ਨਹੀਂ, ਤੁਹਾਡੇ ਲਈ ਐਪਲੀਕੇਸ਼ਨ ਦੇਣਗੇ ਅਤੇ ਸਾਰੀ ਪ੍ਰਕਿਰਿਆ ਦੌਰਾਨ ਤੁਹਾਡੀ ਸਹਾਇਤਾ ਕਰਨਗੇ। ਇੱਕ ਵਾਰ ਜਦੋਂ ਤੁਹਾਡਾ DPP ਸਹਿਮਤ ਹੋ ਜਾਂਦਾ ਹੈ, ਤਾਂ ਤੁਹਾਡੇ ਵੇਰਵੇ DAS ਰਜਿਸਟਰ ਵਿੱਚ ਪਾ ਦਿੱਤੇ ਜਾਣਗੇ। ਇਹ ਇੱਕ ਅਜਿਹਾ ਆਨਲਾਈਨ ਰਜਿਸਟਰ ਹੈ, ਜਿਸਨੂੰ ਕੋਈ ਵੀ ਐਕਸੈਸ ਕਰ ਸਕਦਾ ਹੈ। ਨਾਲ ਹੀ, ਤੁਹਾਡਾ DPP ਤੁਹਾਡੀ ਕ੍ਰੈਡਿਟ ਫ਼ਾਈਲ 'ਤੇ ਛੇ ਸਾਲਾਂ ਲਈ ਦਰਜ ਕੀਤਾ ਜਾਵੇਗਾ।

ਤੁਸੀਂ ਸ਼ਾਇਦ ਹਰ ਮਹੀਨੇ ਆਪਣੇ ਕਰਜ਼ਿਆਂ ਦਾ ਭੁਗਤਾਨ ਕਰਨ ਲਈ ਕੁਝ ਪੈਸਾ ਰੱਖਣ ਦੇ ਯੋਗ ਹੋ ਸਕਦੇ ਹੋ, ਅਤੇ ਜੇਕਰ ਤੁਹਾਡੀ ਸਥਿਤੀ ਬਦਲਦੀ ਹੈ, ਤਾਂ ਤੁਹਾਡੀ ਸਹਿਮਤੀ ਵਾਲੇ ਭੁਗਤਾਨਾਂ ਨੂੰ ਵਿਵਸਥਿਤ ਕੀਤਾ ਜਾ ਸਕਦਾ ਹੈ।

ਇੱਕ DPP ਉਨ੍ਹਾਂ ਚੀਜ਼ਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ, ਜਿਨ੍ਹਾਂ ਦੇ ਤੁਸੀਂ ਮਾਲਕ ਹੋ ਜਿਵੇਂ ਕਿ ਤੁਹਾਡਾ ਘਰ ਜਾਂ ਕਾਰ। ਤੁਹਾਡੇ ਦੁਆਰਾ ਕਿਸੇ ਵੀ ਫੀਸ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਕਿਉਂਕਿ ਸਾਰੇ ਖਰਚੇ ਤੁਹਾਡੇ ਲੈਣਦਾਰਾਂ ਦੁਆਰਾ ਅਦਾ ਕੀਤੇ ਜਾਂਦੇ ਹਨ।

ਜੇਕਰ ਤੁਸੀਂ ਆਪਣੇ ਭੁਗਤਾਨ ਕਰਨ ਲਈ ਸੰਘਰਸ਼ ਕਰ ਰਹੇ ਹੋ, ਤਾਂ DAS ਵਿੱਚ ਕਈ ਮਹੱਤਵਪੂਰਨ ਸੁਰੱਖਿਆਵਾਂ ਹਨ। ਤੁਸੀਂ ਆਪਣੇ ਪੈਸੇ ਸੰਬੰਧੀ ਸਲਾਹਕਾਰ ਨਾਲ ਸੰਪਰਕ ਕਰ ਸਕਦੇ ਹੋ, ਜੋ ਅੱਗੇ ਵਧਣ ਦੇ ਸਭ ਤੋਂ ਵਧੀਆ ਤਰੀਕੇ ਬਾਰੇ ਤੁਹਾਡੀ ਮਦਦ ਕਰ ਸਕਦਾ ਅਤੇ ਸਲਾਹ ਦੇ ਸਕਦਾ ਹੈ। ਇਹ ਤੁਹਾਡੇ ਦੁਆਰਾ ਸਮੇਂ ਦੀ ਇੱਕ ਮਿਆਦ ਲਈ ਭੁਗਤਾਨ ਕੀਤੀ ਜਾਣ ਵਾਲੀ ਰਾਸ਼ੀ ਨੂੰ ਬਦਲਣਾ ਹੋ ਸਕਦਾ ਹੈ ਜਾਂ ਛੇ ਮਹੀਨਿਆਂ ਤੱਕ ਭੁਗਤਾਨਾਂ ਨੂੰ ਰੋਕਣ ਲਈ ਸਹਿਮਤ ਹੋਣਾ ਹੋ ਸਕਦਾ ਹੈ। ਇੱਕ ਐਮਰਜੈਂਸੀ ਸਥਿਤੀ ਵਿੱਚ ਤੁਸੀਂ ਇੱਕ ਸਾਲ ਵਿੱਚ ਦੋ ਭੁਗਤਾਨਾਂ ਨੂੰ ਖੁੰਝਾਉਣ ਦੀ ਵਿਵਸਥਾ ਕਰ ਸਕਦੇ ਹੋ, ਪਰ ਅਜਿਹਾ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੇ ਪੈਸੇ ਸੰਬੰਧੀ ਸਲਾਹਕਾਰ ਨਾਲ ਗੱਲ ਕਰਨੀ ਚਾਹੀਦੀ ਹੈ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਕੋਲ ਸਾਡੇ ਗਲਾਸਗੋ ਦਫ਼ਤਰ ਵਿੱਚ ਮਨਜ਼ੂਰਸ਼ੁਦਾ ਪੈਸੇ ਸੰਬੰਧੀ ਸਲਾਹਕਾਰਾਂ ਦੀ ਇੱਕ ਟੀਮ ਹੈ। ਅਸੀਂ ਐਪਲੀਕੇਸ਼ਨ ਪ੍ਰਕਿਰਿਆ ਦੁਆਰਾ ਤੁਹਾਡੀ ਸਹਾਇਤਾ ਕਰਾਂਗੇ, ਤੁਹਾਡੀ ਯੋਗਤਾ ਦੀ ਜਾਂਚ ਕਰਾਂਗੇ, ਤੁਹਾਡੇ ਲੈਣਦਾਰਾਂ ਨਾਲ ਸੰਪਰਕ ਕਰਾਂਗੇ ਅਤੇ ਤੁਹਾਡਾ ਐਪਲੀਕੇਸ਼ਨ ਫਾਰਮ ਭਰਾਂਗੇ। ਅਸੀਂ ਪੂਰੇ ਯੂ.ਕੇ. ਵਿੱਚ ਸੈਂਕੜੇ ਲੈਣਦਾਰਾਂ ਦੇ ਨਾਲ ਮਿਲ ਕੇ ਕੰਮ ਕਰਦੇ ਹਾਂ। ਸਾਡੇ ਕੋਲ DPP ਐਪਲੀਕੇਸ਼ਨ ਪ੍ਰਕਿਰਿਆ ਦੁਆਰਾ ਅਤੇ DPP ਦੀ ਸਮਾਂ-ਸੀਮਾ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਸਲਾਹਕਾਰਾਂ ਦੀਆਂ ਸਮਰਪਿਤ ਟੀਮਾਂ ਹਨ। ਜੇਕਰ ਤੁਹਾਡੇ ਹਾਲਾਤ ਬਦਲਦੇ ਹਨ, ਤਾਂ ਅਸੀਂ ਹਰ ਪੜਾਅ 'ਤੇ ਮਦਦ ਲਈ ਇੱਥੇ ਮੌਜੂਦ ਹਾਂ।

ਅਸੀਂ ਇੱਕ DAS ਭੁਗਤਾਨ ਡਿਸਟ੍ਰੀਬਿਊਟਰ ਵੀ ਹਾਂ। ਇਸਦਾ ਮਤਲਬ ਇਹ ਹੈ ਕਿ ਅਸੀਂ ਤੁਹਾਡੇ ਡਾਇਰੈਕਟ ਡੈਬਿਟ ਸਥਾਪਿਤ ਕਰਾਂਗੇ, ਤੁਹਾਡੇ ਮਹੀਨਾਵਾਰ ਭੁਗਤਾਨਾਂ ਨੂੰ ਪ੍ਰਕਿਰਿਆ ਵਿੱਚ ਪਾਵਾਂਗੇ ਅਤੇ ਤੁਹਾਡੇ ਲੈਣਦਾਰਾਂ ਨੂੰ ਭੁਗਤਾਨ ਕਰਾਂਗੇ। ਸਾਡੇ ਨਾਲ ਤੁਹਾਡੇ ਪੂਰੇ ਸਮੇਂ ਦੌਰਾਨ ਅਸੀਂ ਮਦਦ ਅਤੇ ਸਲਾਹ ਵੀ ਪ੍ਰਦਾਨ ਕਰਦੇ ਹਾਂ। ਅਸੀਂ ਇਹ ਦੇਖਣ ਲਈ ਤੁਹਾਡੀ ਸਥਿਤੀ ਦੀ ਸਮੀਖਿਆ ਕਰਾਂਗੇ ਕਿ ਤੁਸੀਂ ਕਿਵੇਂ ਚੱਲ ਰਹੇ ਹੋ, ਤੁਹਾਡੇ ਭੁਗਤਾਨਾਂ ਨੂੰ ਬਦਲਣ ਲਈ ਅਪਲਾਈ ਕਰਾਂਗੇ, ਜਾਂ ਭੁਗਤਾਨ ਵਿੱਚ ਉਸ ਸਮੇਂ ਬਰੇਕਾਂ ਦਾ ਪ੍ਰਬੰਧ ਕਰਾਂਗੇ ਜਦੋਂ ਤੁਹਾਨੂੰ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੋਵੇਗੀ।

**ਇੱਕ ਕਰਜ਼ਾ ਪ੍ਰਬੰਧਨ ਯੋਜਨਾ (debt management plan)** (DMP) ਤੁਹਾਨੂੰ ਉਸ ਮਿਆਦ ਦੌਰਾਨ ਤੁਹਾਡੇ ਕਰਜ਼ਿਆਂ ਦਾ ਪੂਰਾ ਭੁਗਤਾਨ ਕਰਨ ਦੀ ਇਜਾਜ਼ਤ ਦਿੰਦੀ ਹੈ, ਜੋ ਤੁਹਾਡੇ ਲਈ ਪ੍ਰਬੰਧਨਯੋਗ ਹੈ। ਇੱਕ DMP ਆਮ ਤੌਰ 'ਤੇ ਤੁਹਾਡੀ ਤਰਫ਼ੋਂ ਕਿਸੇ ਹੋਰ ਸੰਸਥਾ ਦੁਆਰਾ ਵਿਵਸਥਿਤ ਕੀਤਾ ਜਾਂਦਾ ਹੈ, ਉਦਾਹਰਣ ਵਜੋਂ ਇੱਕ ਕਰਜ਼ਾ ਪ੍ਰਬੰਧਨ ਕੰਪਨੀ ਜਾਂ ਡੈੱਟ ਚੈਰਿਟੀ, ਜਿਵੇਂ ਕਿ ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ। ਤੁਸੀਂ ਕਿਫ਼ਾਇਤੀ ਮਹੀਨਾਵਾਰ ਭੁਗਤਾਨ ਕਰਦੇ ਹੋ, ਜੋ ਤੁਹਾਡੇ ਗੈਰ-ਤਰਜੀਹੀ ਕਰਜ਼ਿਆਂ ਦੇ ਲੈਣਦਾਰਾਂ ਵਿਚਕਾਰ ਸਾਂਝੇ ਕੀਤੇ ਜਾਂਦੇ ਹਨ।

ਜਦੋਂ ਤੁਸੀਂ ਇੱਕ DMP ਲਈ ਅਪਲਾਈ ਕਰਦੇ ਹੋ, ਤਾਂ ਤੁਹਾਡੇ ਕੋਲ ਕੋਈ ਘੱਟੋ-ਘੱਟ ਜਾਂ ਵੱਧ ਤੋਂ ਵੱਧ ਕਰਜ਼ਾ ਰਾਸ਼ੀ ਨਹੀਂ ਜ਼ਰੂਰੀ ਨਹੀਂ ਹੁੰਦੀ। ਇਸਦੇ ਲਈ ਆਮ ਤੌਰ 'ਤੇ ਕੋਈ ਫੀਸ ਨਹੀਂ ਹੁੰਦੀ, ਕਿਉਂਕਿ ਇੱਕ DMP ਦੇ ਖਰਚੇ ਤੁਹਾਡੇ ਲੈਣਦਾਰਾਂ ਦੁਆਰਾ ਅਦਾ ਕੀਤੇ ਜਾਂਦੇ ਹਨ। ਹਾਲਾਂਕਿ, ਕੁਝ ਪ੍ਰਦਾਤਾ ਸਥਾਪਨਾ ਫੀਸ ਜਾਂ ਮਹੀਨਾਵਾਰ ਫੀਸ ਵਸੂਲਣਗੇ।

ਹਾਲਾਂਕਿ ਇੱਕ DMP ਲਚਕਦਾਰ ਹੁੰਦਾ ਹੈ ਅਤੇ ਜੇਕਰ ਤੁਹਾਡੀ ਆਮਦਨੀ ਜਾਂ ਖਰਚੇ ਬਦਲਦੇ ਹਨ, ਤਾਂ ਤੁਹਾਡੀ ਸਥਿਤੀ ਦੇ ਅਨੁਕੂਲ ਬਣਾਇਆ ਜਾ ਸਕਦਾ ਹੈ, ਪਰ DAS ਦੇ ਮੁਕਾਬਲੇ ਬਹੁਤ ਘੱਟ ਸੁਰੱਖਿਆ ਉਪਲਬਧ ਹੁੰਦੀ ਹੈ। ਵਿਆਜ ਅਤੇ ਖਰਚੇ ਹਮੇਸ਼ਾਂ ਸਥਿਰ ਨਹੀਂ ਹੁੰਦੇ, ਹਾਲਾਂਕਿ ਬਹੁਤੇ ਲੈਣਦਾਰ ਮਦਦ 'ਤੇ ਨਿਰਭਰ ਕਰਨਗੇ। ਤੁਹਾਡੇ ਲੈਣਦਾਰ ਹਾਲੇ ਵੀ ਅੱਗੇ ਦੀ ਕਾਰਵਾਈ ਕਰ ਸਕਦੇ ਹਨ, ਉਦਾਹਰਣ ਵਜੋਂ ਤੁਹਾਡੇ ਕਰਜ਼ੇ ਨੂੰ ਕਿਸੇ **ਕਲੈਕਸ਼ਨ ਏਜੰਸੀ** ਨੂੰ ਭੇਜਣਾ ਜਾਂ ਅਦਾਲਤੀ ਕਾਰਵਾਈ ਸ਼ੁਰੂ ਕਰਨਾ।

ਘਟਾਏ ਗਏ ਭੁਗਤਾਨਾਂ ਦੇ ਨਤੀਜੇ ਵਜੋਂ ਵਿਵਸਥਾ ਦੀ ਮਿਆਦ ਸ਼ਾਇਦ ਵਧੇਰੇ ਲੰਮੀ ਹੋ ਸਕਦੀ ਹੈ ਅਤੇ ਤੁਹਾਡੀ ਕ੍ਰੈਡਿਟ ਫ਼ਾਈਲ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਸਾਡੇ ਗਾਹਕਾਂ ਲਈ ਮੁਫ਼ਤ DMPs ਪ੍ਰਦਾਨ ਕਰਦਾ ਹੈ। ਅਸੀਂ ਪੂਰੇ ਯੂ.ਕੇ. ਵਿੱਚ ਸੈਂਕੜੇ ਲੈਣਦਾਰਾਂ ਦੇ ਨਾਲ ਮਿਲ ਕੇ ਕੰਮ ਕਰਦੇ ਹਾਂ। ਸਾਡੇ ਕੋਲ DMP ਦੀ ਪੂਰੀ ਐਪਲੀਕੇਸ਼ਨ ਪ੍ਰਕਿਰਿਆ ਦੇ ਦੌਰਾਨ ਅਤੇ DMP ਦੀ ਸਮਾਂ ਮਿਆਦ ਦੇ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਸਲਾਹਕਾਰਾਂ ਦੀਆਂ ਸਮਰਪਿਤ ਟੀਮਾਂ ਹਨ। ਜੇਕਰ ਤੁਹਾਡੇ ਹਾਲਾਤ ਬਦਲਦੇ ਹਨ, ਤਾਂ ਅਸੀਂ ਹਰ ਪੜਾਅ 'ਤੇ ਮਦਦ ਲਈ ਇੱਥੇ ਮੌਜੂਦ ਹਾਂ।

**ਰਿਹਾਇਸ਼ੀ ਗਿਰਵੀਨਾਮਾ** ਜਾਂ **ਇਕੁਇਟੀ ਰਿਲੀਜ਼**। ਜੇਕਰ ਤੁਸੀਂ ਇੱਕ ਘਰ ਦੇ ਮਾਲਕ ਹੋ, ਤਾਂ ਇੱਕ ਸੰਭਵ ਹੱਲ ਇਹ ਹੋ ਸਕਦਾ ਹੈ ਕਿ ਜਾਂ ਤਾਂ ਕਿਸੇ ਰਿਹਾਇਸ਼ੀ ਗਿਰਵੀਨਾਮੇ ਜਾਂ ਇਕੁਇਟੀ ਰਿਲੀਜ਼ ਯੋਜਨਾ ਦੁਆਰਾ ਤੁਹਾਡੇ ਘਰ ਤੋਂ **ਇਕੁਇਟੀ** ਮੁਕਤ ਕੀਤੀ ਜਾਵੇ।

ਕਿਸੇ ਵੀ ਬਕਾਇਆ ਗਿਰਵੀਨਾਮੇ ਜਾਂ ਅਸੁਰੱਖਿਅਤ ਕਰਜ਼ੇ ਦਾ ਮੁੜ ਭੁਗਤਾਨ ਕਰਨ ਲਈ, ਜਾਂ ਆਪਣੇ ਗਿਰਵੀਨਾਮੇ ਸੰਬੰਧੀ ਭੁਗਤਾਨਾਂ ਨੂੰ ਘਟਾਉਣ ਲਈ ਆਪਣੇ ਘਰ ਨੂੰ ਮੁੜ-ਗਿਰਵੀ ਰੱਖਣ ਲਈ ਆਪਣੇ ਘਰ ਦੀ ਇਕੁਇਟੀ ਦੀ ਵਰਤੋਂ ਕਰਨ ਨਾਲ ਤੁਹਾਡੇ ਕਰਜ਼ੇ ਨੂੰ ਨਿਯੰਤਰਣ ਕਰਨ ਵਿੱਚ ਮਦਦ ਮਿਲ ਸਕਦੀ ਹੈ। ਹਾਲਾਂਕਿ, ਇਹ ਵਿਕਲਪ ਲੰਮੇ ਸਮੇਂ ਦੀ ਮਿਆਦ ਲਈ ਤੁਹਾਡੇ ਕਰਜ਼ੇ ਦੀ ਲਾਗਤ ਨੂੰ ਵਧਾ ਸਕਦੇ ਹਨ ਅਤੇ ਇਸ ਗੱਲ ਨੂੰ ਪ੍ਰਭਾਵਿਤ ਕਰ ਸਕਦੇ ਹਨ ਕਿ ਤੁਸੀਂ ਕਿੰਨੇ ਲਾਭਾਂ ਦਾ ਦਾਅਵਾ ਕਰ ਸਕਦੇ ਹੋ ਜਾਂ ਤੁਹਾਡੇ ਦੁਆਰਾ ਛੱਡੀ ਗਈ ਕਿਸੇ ਵਿਰਾਸਤ ਦੀ ਕੀਮਤ ਕਿੰਨੀ ਹੋਵੇਗੀ।

ਜੇਕਰ ਤੁਸੀਂ ਆਪਣੇ ਗਿਰਵੀਨਾਮੇ 'ਤੇ ਮੁੜ-ਭੁਗਤਾਨ ਕਰਨ 'ਤੇ ਕਾਇਮ ਨਹੀਂ ਰਹਿੰਦੇ, ਤਾਂ ਤੁਹਾਡੇ ਘਰ ਨੂੰ **ਮੁੜ-ਪ੍ਰਾਪਤ** ਕੀਤਾ ਜਾ ਸਕਦਾ ਹੈ, ਇਸ ਲਈ ਤੁਹਾਨੂੰ ਆਪਣੇ ਘਰ ਦੇ ਵਿਰੁੱਧ ਕੋਈ ਹੋਰ ਕਰਜ਼ਿਆਂ ਨੂੰ ਸੁਰੱਖਿਅਤ ਕਰਨ ਤੋਂ ਪਹਿਲਾਂ ਧਿਆਨ ਨਾਲ ਸੋਚਣਾ ਚਾਹੀਦਾ ਹੈ।

ਸਟੈਪਚੇਂਜ ਫ਼ਾਇਨੈਂਸ਼ੀਅਲ ਸੌਲਯੂਸ਼ਨਜ਼ (StepChange Financial Solutions)* ਕੋਲ ਅਜਿਹੇ ਮਾਹਰ ਸਲਾਹਕਾਰ ਹਨ, ਜੋ ਤੁਹਾਨੂੰ ਇਨ੍ਹਾਂ ਵਿਕਲਪਾਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ ਅਤੇ ਤੁਹਾਨੂੰ ਸਿਫ਼ਾਰਸ਼ ਪ੍ਰਦਾਨ ਕਰ ਸਕਦੇ ਹਨ, ਕਿ ਰਿਹਾਇਸ਼ੀ ਗਿਰਵੀਨਾਮਾ ਜਾਂ ਇਕੁਇਟੀ ਰਿਲੀਜ਼ ਯੋਜਨਾ ਸਹੀ ਹੱਲ ਹੈ ਜਾਂ ਨਹੀਂ।

# 2: ਕਰਜ਼ੇ ਸੰਬੰਧੀ ਹੱਲ – ਜਿੱਥੇ ਤੁਹਾਡਾ ਕੁਝ ਜਾਂ ਸਾਰਾ ਕਰਜ਼ਾ ਮਾਫ਼ ਕਰ ਦਿੱਤਾ ਜਾਂਦਾ ਹੈ

**ਦੀਵਾਲੀਆਪਣ** ਇੱਕ ਵਿਕਲਪ ਹੋ ਸਕਦਾ ਹੈ, ਜੇਕਰ ਤੁਹਾਡੇ ਸਿਰ ਕਰਜ਼ੇ ਹਨ, ਪਰ ਉਹਨਾਂ ਨੂੰ ਵਾਪਸ ਕਰਨ ਦਾ ਕੋਈ ਸਾਧਨ ਨਹੀਂ ਹੈ। ਤੁਸੀਂ ਪੈਸੇ ਸੰਬੰਧੀ ਸਲਾਹਕਾਰ ਜਾਂ ਦੀਵਾਲੀਆਪਣ ਸੰਬੰਧੀ ਪ੍ਰੈਕਟੀਸ਼ਨਰ ਦੁਆਰਾ ਆਪਣੇ-ਆਪ ਨੂੰ ਦੀਵਾਲੀਆ ਬਣਾਉਣ ਲਈ ਅਪਲਾਈ ਕਰ ਸਕਦੇ ਹੋ। ਤੁਹਾਡੇ ਲੈਣਦਾਰ ਵੀ ਅਦਾਲਤ ਵਿੱਚ ਅਪਲਾਈ ਕਰਕੇ ਤੁਹਾਨੂੰ ਦੀਵਾਲੀਆ ਬਣਾ ਸਕਦੇ ਹਨ, ਹਾਲਾਂਕਿ ਉਹ ਆਮ ਤੌਰ 'ਤੇ ਪਹਿਲਾਂ ਆਪਣੇ ਪੈਸੇ ਵਸੂਲਣ ਦੇ ਹੋਰ ਤਰੀਕਿਆਂ 'ਤੇ ਵਿਚਾਰ ਕਰਨਗੇ।

ਦੀਵਾਲੀਆਪਣ ਇੱਕ ਗੰਭੀਰ ਵਿਕਲਪ ਹੈ ਅਤੇ ਇਸਦੇ ਮਹੱਤਵਪੂਰਣ ਨਤੀਜੇ ਹੋ ਸਕਦੇ ਹਨ, ਜਿਵੇਂ ਕਿ ਕੁਝ ਨੌਕਰੀਆਂ 'ਤੇ ਪ੍ਰਭਾਵ ਪੈਣਾ, ਜਾਂ ਨਤੀਜੇ ਵਜੋਂ ਬਰਖਾਸਤਗੀ ਹੋ ਜਾਣਾ। ਇਸ ਵਿਕਲਪ 'ਤੇ ਵਿਚਾਰ ਕਰਨ ਤੋਂ ਪਹਿਲਾਂ ਤੁਹਾਨੂੰ ਹਮੇਸ਼ਾਂ ਆਪਣੇ **ਰੁਜ਼ਗਾਰ ਦੀਆਂ ਸ਼ਰਤਾਂ** ਦੀ ਜਾਂਚ ਕਰਨੀ ਚਾਹੀਦੀ ਹੈ। ਜਦੋਂ ਤੁਸੀਂ ਦੀਵਾਲੀਏ ਹੋ ਜਾਂਦੇ ਹੋ, ਤਾਂ ਤੁਹਾਡਾ ਬੈਂਕ ਸ਼ਾਇਦ ਤੁਹਾਡੇ ਖਾਤਿਆਂ ਨੂੰ ਬੰਦ ਜਾਂ ਫ੍ਰੀਜ਼ ਕਰ ਸਕਦਾ ਹੈ। ਇਸਦਾ ਮਤਲਬ ਇਹ ਹੈ ਕਿ ਤੁਹਾਨੂੰ ਸ਼ਾਇਦ ਕਿਸੇ ਵੱਖਰੇ ਪ੍ਰਦਾਤਾ ਦੇ ਨਾਲ ਖਾਤਾ ਖੋਲ੍ਹਣਾ ਪਵੇਗਾ, ਅਤੇ ਤੁਸੀਂ ਸ਼ਾਇਦ ਉਦੋਂ ਤੱਕ ਸਿਰਫ਼ ਇੱਕ ਮੁੱਢਲਾ ਬੈਂਕ ਖਾਤਾ ਪ੍ਰਾਪਤ ਕਰ ਸਕੋਗੇ. ਜਦੋਂ ਤੱਕ ਤੁਹਾਡਾ ਦੀਵਾਲੀਆਪਣ ਸਮਾਪਤ ਨਹੀਂ ਹੋ ਜਾਂਦਾ। ਕੁਝ ਪ੍ਰਾਈਵੇਟ ਮਕਾਨ ਮਾਲਕ ਕਿਰਾਏਦਾਰਾਂ ਨੂੰ ਕੱਢ ਸਕਦੇ ਹਨ ਜਾਂ ਕਿਰਾਏਦਾਰੀ ਸਮਝੌਤਿਆਂ ਦੀ ਸਮੀਖਿਆ ਕਰਨ ਤੋਂ ਇਨਕਾਰ ਕਰ ਸਕਦੇ ਹਨ, ਜਦੋਂ ਉਨ੍ਹਾਂ ਦੇ ਕਿਰਾਏਦਾਰ ਦੀਵਾਲੀਆ ਹੋ ਜਾਂਦੇ ਹਨ।

**ਘੱਟੋ-ਘੱਟ ਸੰਪਤੀ ਪ੍ਰਕਿਰਿਆ (Minimal asset process-MAP)** ਤੁਸੀਂ ਐੱਮ.ਏ.ਪੀ. (MAP) ਦੀਵਾਲੀਆਪਣ ਲਈ ਅਪਲਾਈ ਕਰ ਸਕਦੇ ਹੋ, ਜੇਕਰ ਤੁਹਾਡੇ ਕੋਲ ਘਰ ਵਰਗੀ ਆਪਣੀ **ਸੰਪਤੀ** ਨਹੀਂ ਹੈ ਅਤੇ ਤੁਹਾਡਾ ਕੁੱਲ ਕਰਜ਼ਾ ਘੱਟੋ-ਘੱਟ £1,500 ਤੱਕ ਹੈ, ਪਰ ਕੁੱਲ £25,000 ਤੋਂ ਘੱਟ ਹੈ।

ਤੁਹਾਡੀ ਆਮਦਨੀ ਸਿਰਫ਼ ਲਾਭਾਂ ਤੋਂ ਹੀ ਹੋਣੀ ਚਾਹੀਦੀ ਹੈ, ਜਾਂ ਤੁਹਾਡੇ ਬਜਟ ਵਿੱਚ ਇਹ ਦਿਖਾਉਣਾ ਜ਼ਰੂਰੀ ਹੈ ਕਿ ਤੁਹਾਡੇ ਕੋਲ ਤੁਹਾਡੇ ਕਰਜ਼ਿਆਂ ਦਾ ਭੁਗਤਾਨ ਕਰਨ ਲਈ ਕੋਈ ਪੈਸਾ ਉਪਲਬਧ ਨਹੀਂ ਹੈ। ਇੱਥੇ ਅਜਿਹੀਆਂ ਕੁਝ ਸ਼ਰਤਾਂ ਹਨ, ਜਿਹੜੀਆਂ (MAP ਦੀਵਾਲੀਆਪਣ ਦਾ ਫ਼ੈਸਲਾ ਕੀਤੇ ਜਾਣ ਤੋਂ ਪਹਿਲਾਂ ਪੂਰੀਆਂ ਹੋਣੀਆਂ ਜ਼ਰੂਰੀ ਹਨ, ਜਿਨ੍ਹਾਂ ਵਿੱਚ ਇਹ ਸ਼ਾਮਲ ਹਨ:

- ਤੁਸੀਂ ਆਪਣੇ ਘਰ, ਕਿਸੇ ਜ਼ਮੀਨ ਜਾਂ ਇਮਾਰਤਾਂ ਦੇ ਮਾਲਕ ਨਹੀਂ ਹੋ ਸਕਦੇ ਹੋ
- ਤੁਹਾਡੀ ਕੁੱਲ ਸੰਪਤੀ £2,000 ਤੋਂ ਵੱਧ ਨਹੀਂ ਹੋ ਸਕਦੀ
- ਤੁਹਾਡੀ ਮਲਕੀਅਤ ਵਾਲੀ ਕੋਈ ਵੀ ਸੰਪਤੀ £1,000 ਤੋਂ ਵੱਧ ਕੀਮਤ ਦੀ ਨਹੀਂ ਹੋ ਸਕਦੀ, ਹਾਲਾਂਕਿ, ਜੇਕਰ ਤੁਹਾਡੇ ਕੋਲ ਕੋਈ ਕਾਰ ਹੈ ਜਿਸਦੀ ਕੀਮਤ £3,000 ਤੋਂ ਵੱਧ ਨਹੀਂ ਹੈ, ਜਿਸ ਬਾਰੇ ਇਸ ਗੱਲ ਨਾਲ ਸਹਿਮਤੀ ਹੋਈ ਹੈ ਕਿ ਤੁਹਾਨੂੰ ਇਸਦੀ ਜ਼ਰੂਰਤ ਹੈ, ਤਾਂ ਇਸਦੀ ਗਿਣਤੀ ਨਹੀਂ ਕੀਤੀ ਜਾਵੇਗੀ

MAP ਦੀਵਾਲੀਆਪਣ ਨੂੰ ਇੱਕ **ਜਨਤਕ ਰਜਿਸਟਰ** 'ਤੇ ਰਜਿਸਟਰ ਕੀਤਾ ਜਾਵੇਗਾ, ਪਰ ਇਹ ਤੁਹਾਨੂੰ ਇੱਕ ਨਵੀਂ ਸ਼ੁਰੂਆਤ ਦਿੰਦਾ ਹੈ, ਤੁਹਾਡੇ ਜ਼ਿਆਦਾਤਰ ਕਰਜ਼ਿਆਂ ਨੂੰ ਮਾਫ਼ ਕਰ ਦਿੰਦਾ ਹੈ। ਤੁਸੀਂ ਆਮ ਤੌਰ 'ਤੇ ਦੀਵਾਲੀਆ ਐਲਾਨੇ ਜਾਣ ਦੇ ਛੇ ਮਹੀਨਿਆਂ ਬਾਅਦ ਪ੍ਰਕਿਰਿਆ ਦੇ ਅੰਤ 'ਤੇ ਆ ਜਾਵੋਗੇ, ਪਰ ਤੁਹਾਡੀ ਕ੍ਰੈਡਿਟ ਫ਼ਾਈਲ ਬਹੁਤ ਲੰਮੇ ਸਮੇਂ ਦੀ ਮਿਆਦ ਲਈ ਪ੍ਰਭਾਵਿਤ ਹੋਵੇਗੀ।

ਤੁਹਾਨੂੰ ਦੀਵਾਲੀਏਪਣ ਵਿੱਚ ਅਕਾਊਂਟੈਂਟ ਨੂੰ £50 (ਜੇਕਰ ਤੁਹਾਨੂੰ ਕੁਝ ਲਾਭ ਮਿਲਦੇ ਹਨ, ਤਾਂ ਮੁਫ਼ਤ) ਦੀ ਇੱਕ ਛੋਟੀ ਜਿਹੀ ਅਗਾਊਂ ਫੀਸ ਦੇਣੀ ਪੈ ਸਕਦੀ ਹੈ, ਜੋ ਸਕੌਟਲੈਂਡ ਵਿੱਚ ਸਾਰੇ ਦੀਵਾਲੀਏਪਣ ਦੀ ਨਿਗਰਾਨੀ ਅਤੇ ਪ੍ਰਬੰਧਨ ਕਰਦਾ ਹੈ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਕੋਲ ਗਲਾਸਗੋ ਵਿੱਚ ਸਥਿਤ ਸਿਖਲਾਈ ਪ੍ਰਾਪਤ ਪੈਸੇ ਸੰਬੰਧੀ ਸਲਾਹਕਾਰਾਂ ਦੀ ਇੱਕ ਸਮਰਪਿਤ ਟੀਮ ਹੈ, ਜੋ ਤੁਹਾਡੇ MAP ਦੀਵਾਲੀਏਪਣ ਲਈ ਅਪਲਾਈ ਕਰਨ ਵਿੱਚ ਮੁਫ਼ਤ ਸਹਾਇਤਾ ਕਰੇਗੀ। ਉਹ ਇਸ ਗੱਲ ਦੀ ਜਾਂਚ ਕਰਨਗੇ ਕਿ ਤੁਸੀਂ ਯੋਗ ਹੋ, ਐਪਲੀਕੇਸ਼ਨ ਫਾਰਮ ਨੂੰ ਭਰਨਗੇ ਅਤੇ ਸਾਰੀ ਪ੍ਰਕਿਰਿਆ ਵਿੱਚ ਤੁਹਾਡੀ ਸਹਾਇਤਾ ਕਰਨਗੇ।

ਤੁਹਾਡੀ ਦੇਣਦਾਰੀ ਘੱਟੋ-ਘੱਟ £3,000 ਹੋਣੀ ਜ਼ਰੂਰੀ ਹੈ। ਕੋਈ ਵੱਧ ਤੋਂ ਵੱਧ ਰਾਸ਼ੀ ਨਹੀਂ ਹੈ।

ਤੁਹਾਨੂੰ ਦੀਵਾਲੀਏਪਣ ਵਿੱਚ ਅਕਾਊਂਟੈਂਟ (Accountant in Bankruptcy-AiB) ਨੂੰ £ 150 (ਜੇਕਰ ਤੁਹਾਨੂੰ ਕੁਝ ਲਾਭ ਮਿਲਦੇ ਹਨ, ਤਾਂ ਮੁਫ਼ਤ) ਦੀ ਇੱਕ ਅਗਾਊਂ ਫੀਸ ਦਾ ਭੁਗਤਾਨ ਕਰਨਾ ਪਵੇਗਾ, ਜੋ ਸਕੌਟਲੈਂਡ ਵਿੱਚ ਸਾਰੇ ਦੀਵਾਲੀਏਪਣ ਦੀ ਨਿਗਰਾਨੀ ਅਤੇ ਪ੍ਰਬੰਧਨ ਕਰਦਾ ਹੈ।

ਜੇਕਰ ਤੁਹਾਡੇ ਕੋਲ ਆਪਣੀ ਸੰਪਤੀ ਹੈ, ਤਾਂ ਉਸ ਨੂੰ ਸ਼ਾਇਦ ਤੁਹਾਡੇ ਕਰਜ਼ਿਆਂ ਦੇ ਭੁਗਤਾਨ ਲਈ ਵੇਚਿਆ ਜਾ ਸਕਦਾ ਹੈ। ਇਸ ਵਿੱਚ ਤੁਹਾਡਾ ਘਰ ਸ਼ਾਮਲ ਹੋ ਸਕਦਾ ਹੈ। ਜੇਕਰ ਤੁਹਾਡੇ ਕੋਲ £3,000 ਤੋਂ ਘੱਟ ਕੀਮਤ ਵਾਲੀ ਆਪਣੀ ਕਾਰ ਹੈ, ਜਿਸਦੀ ਤੁਹਾਨੂੰ ਵਾਜਬ ਜ਼ਰੂਰਤ ਹੈ, ਜਿਵੇਂ ਕਿ ਕੰਮ 'ਤੇ ਜਾਣ ਲਈ, ਤਾਂ ਇਹ ਆਮ ਤੌਰ 'ਤੇ ਨਹੀਂ ਵੇਚੀ ਜਾਵੇਗੀ।

ਜੇਕਰ ਤੁਹਾਡੀ ਆਮਦਨੀ ਸਿਰਫ਼ ਲਾਭਾਂ ਤੋਂ ਹੈ, ਤਾਂ ਤੁਹਾਨੂੰ ਆਪਣੇ ਦੀਵਾਲੀਏਪਣ ਜਾਂ ਆਪਣੇ ਕਰਜ਼ਿਆਂ ਦੀ ਲਾਗਤ ਪ੍ਰਤੀ ਮਹੀਨਾਵਾਰ ਯੋਗਦਾਨ ਦਾ ਭੁਗਤਾਨ ਨਹੀਂ ਕਰਨਾ ਪਵੇਗਾ। ਜੇਕਰ ਤੁਹਾਡਾ ਬਜਟ ਇਹ ਦਿਖਾਉਂਦਾ ਹੈ ਕਿ ਤੁਸੀਂ ਆਪਣੇ ਸਾਰੇ ਘਰੇਲੂ ਖਰਚਿਆਂ ਦਾ ਭੁਗਤਾਨ ਕਰਨ ਤੋਂ ਬਾਅਦ ਯੋਗਦਾਨ ਪਾ ਸਕਦੇ ਹੋ, ਤਾਂ ਤੁਹਾਨੂੰ ਉਸਦਾ ਭੁਗਤਾਨ ਚਾਰ ਸਾਲਾਂ ਲਈ ਆਪਣੇ ਟਰੱਸਟੀ (ਉਹ ਵਿਅਕਤੀ ਜੋ ਤੁਹਾਡੇ ਦੀਵਾਲੀਏਪਣ ਦੇ ਪ੍ਰਬੰਧਨ ਦੀ ਨਿਗਰਾਨੀ ਕਰਦਾ ਹੈ) ਨੂੰ ਕਰਨਾ ਪਵੇਗਾ।

ਏ.ਆਈ.ਬੀ. (AiB) ਸਾਰੀਆਂ ਐਪਲੀਕੇਸ਼ਨਾਂ 'ਤੇ ਫ਼ੈਸਲੇ ਲੈਂਦਾ ਹੈ ਅਤੇ ਪਬਲਿਕ ਰਜਿਸਟਰ 'ਤੇ ਸਾਰੇ ਦੀਵਾਲੀਏਪਣ ਦੇ ਮਾਮਲਿਆਂ ਨੂੰ ਰਜਿਸਟਰ ਕਰਦਾ ਹੈ। ਉਹ ਜ਼ਿਆਦਾਤਰ ਦੀਵਾਲੀਆਪਣ ਮਾਮਲਿਆਂ ਵਿੱਚ ਟਰੱਸਟੀ ਹਨ। ਐਲਾਨੇ ਜਾਣ ਤੋਂ ਇੱਕ ਸਾਲ ਬਾਅਦ ਤੁਹਾਨੂੰ ਆਮ ਤੌਰ 'ਤੇ ਛੁੱਟੀ ਦੇ ਦਿੱਤੀ ਜਾਵੇਗੀ, ਪਰ ਤੁਹਾਡੀ ਕ੍ਰੈਡਿਟ ਫ਼ਾਈਲ ਬਹੁਤ ਲੰਮੇ ਸਮੇਂ ਲਈ ਪ੍ਰਭਾਵਿਤ ਹੋਵੇਗੀ। ਦੀਵਾਲੀਏਪਣ ਦੇ ਅੰਤ 'ਤੇ, ਜ਼ਿਆਦਾਤਰ ਬਕਾਇਆ ਕਰਜ਼ੇ ਨੂੰ ਮਾਫ਼ ਕਰ ਦਿੱਤਾ ਜਾਂਦਾ ਹੈ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਕੋਲ ਗਲਾਸਗੋ ਵਿੱਚ ਸਥਿਤ ਸਿਖਲਾਈ ਪ੍ਰਾਪਤ ਪੈਸੇ ਸੰਬੰਧੀ ਸਲਾਹਕਾਰਾਂ ਦੀ ਇੱਕ ਸਮਰਪਿਤ ਟੀਮ ਹੈ, ਜੋ ਤੁਹਾਡੇ MAP ਜਾਂ ਮੁਕੰਮਲ ਪ੍ਰਬੰਧ ਵਾਲੇ ਦੀਵਾਲੀਏਪਣ ਲਈ ਅਪਲਾਈ ਕਰਨ ਵਿੱਚ ਮੁਫ਼ਤ ਸਹਾਇਤਾ ਕਰੇਗੀ।

**ਟਰੱਸਟ ਡੀਡ** ਜੇਕਰ ਤੁਸੀਂ ਆਪਣੇ ਕਰਜ਼ਿਆਂ ਲਈ ਕੁਝ ਭੁਗਤਾਨ ਕਰ ਸਕਦੇ ਹੋ, ਪਰ ਜੋ ਕੁਝ ਵੀ ਤੁਹਾਡਾ ਬਕਾਇਆ ਹੈ, ਉਸਦਾ ਸਾਰਾ ਭੁਗਤਾਨ ਨਹੀਂ ਕਰ ਸਕਦੇ ਹੋ, ਤਾਂ ਟਰੱਸਟ ਡੀਡ ਇੱਕ ਵਧੀਆ ਹੱਲ ਹੋ ਸਕਦਾ ਹੈ। ਤੁਸੀਂ ਸਿਰਫ ਕਿਸੇ ਦੀਵਾਲੀਆਪਨ ਸੰਬੰਧੀ ਪ੍ਰੈਕਟੀਸ਼ਨਰ (ਇੱਕ ਟਰੱਸਟੀ ਵਜੋਂ ਜਾਣਿਆ ਜਾਂਦਾ ਹੈ) ਦੀ ਸਹਾਇਤਾ ਨਾਲ ਹੀ ਇੱਕ ਟਰੱਸਟ ਡੀਡ ਲਈ ਅਪਲਾਈ ਕਰ ਸਕਦੇ ਹੋ। ਜੇਕਰ ਤੁਹਾਡੀ ਆਮਦਨੀ ਸਿਰਫ਼ ਲਾਭਾਂ ਤੋਂ ਹੈ, ਤਾਂ ਤੁਸੀਂ ਟਰੱਸਟ ਡੀਡ ਲਈ ਅਪਲਾਈ ਨਹੀਂ ਕਰ ਸਕਦੇ ਹੋ।

ਇਹ ਤੁਹਾਡੇ ਅਤੇ ਤੁਹਾਡੇ ਲੈਣਦਾਰਾਂ ਦਰਮਿਆਨ ਤੁਹਾਡੇ ਕਰਜ਼ੇ ਦੇ ਕੁਝ ਹਿੱਸੇ ਦਾ ਭੁਗਤਾਨ ਕਰਨ ਲਈ ਇੱਕ ਇਕਰਾਰਨਾਮਾ ਹੁੰਦਾ ਹੈ, ਅਤੇ ਬਾਕੀ ਦਾ ਕਰਜ਼ਾ ਆਮ ਤੌਰ 'ਤੇ ਮਾਫ਼ ਕਰ ਦਿੱਤਾ ਜਾਂਦਾ ਹੈ।

ਸਿੱਧੇ ਤੌਰ 'ਤੇ ਆਪਣੇ ਲੈਣਦਾਰਾਂ ਨੂੰ ਭੁਗਤਾਨ ਕਰਨ ਦੀ ਬਜਾਏ, ਤੁਸੀਂ ਆਪਣੇ ਟਰੱਸਟ ਡੀਡ ਦਾ ਪ੍ਰਬੰਧਨ ਕਰਨ ਵਾਲੇ ਟਰੱਸਟੀ ਨੂੰ ਭੁਗਤਾਨ ਕਰੋਗੇ। ਤੁਹਾਡੇ ਲੈਣਦਾਰਾਂ ਤੋਂ ਇਹ ਪੁੱਛਿਆ ਜਾਵੇਗਾ ਕਿ ਕੀ ਉਹ ਤੁਹਾਡੇ ਦੁਆਰਾ ਕੀਤੀ ਜਾ ਰਹੀ ਪੇਸ਼ਕਸ਼ ਨੂੰ ਸਵੀਕਾਰ ਕਰਦੇ ਹਨ, ਅਤੇ ਜੇਕਰ ਉਹ ਸਹਿਮਤ ਹੁੰਦੇ ਹਨ, ਤਾਂ ਤੁਹਾਡੀ ਟਰੱਸਟ ਡੀਡ ਦੀ ਸੁਰੱਖਿਆ ਕੀਤੀ ਜਾਵੇਗੀ। ਇਸਦਾ ਮਤਲਬ ਇਹ ਹੈ ਕਿ ਵਿਆਜ ਅਤੇ ਖਰਚੇ ਰੋਕ ਦਿੱਤੇ ਜਾਣਗੇ, ਅਤੇ ਜਦੋਂ ਤੁਸੀਂ ਟਰੱਸਟ ਡੀਡ ਦੀਆਂ ਸ਼ਰਤਾਂ ਨੂੰ ਪੂਰਾ ਕਰ ਰਹੇ ਹੋਵੋਗੇ, ਤਾਂ ਤੁਹਾਡਾ ਕੋਈ ਵੀ ਲੈਣਦਾਰ ਤੁਹਾਡੇ ਵਿਰੁੱਧ ਅਦਾਲਤੀ ਤਾਮੀਲ ਦੀ ਕਾਰਵਾਈ ਨਹੀਂ ਕਰ ਸਕੇਗਾ।

ਸੁਰੱਖਿਅਤ ਟਰੱਸਟ ਡੀਡਾਂ ਘੱਟੋ-ਘੱਟ ਚਾਰ ਸਾਲਾਂ ਤਕ ਚਲਦੀਆਂ ਹਨ, ਅਤੇ ਤੁਹਾਡਾ ਕਰਜ਼ ਘੱਟੋ-ਘੱਟ £5,000 ਹੋਣਾ ਜ਼ਰੂਰੀ ਹੈ। ਤੁਹਾਡਾ ਟਰੱਸਟੀ ਤੁਹਾਡੇ ਬਜਟ ਦੇ ਅਧਾਰ 'ਤੇ, ਹਰ ਮਹੀਨੇ ਜਾਂ ਇੱਕਮੁਸ਼ਤ ਰਕਮ ਦੇ ਅਧਾਰ 'ਤੇ, ਤੁਹਾਡੇ ਤੋਂ ਕਿਫ਼ਾਇਤੀ ਭੁਗਤਾਨ ਵਸੂਲੇਗਾ। ਤੁਹਾਨੂੰ ਸ਼ਾਇਦ ਆਪਣੀ ਕੋਈ ਗੈਰ-ਜ਼ਰੂਰੀ ਸੰਪਤੀ ਵੇਚਣੀ ਪੈ ਸਕਦੀ ਹੈ, ਜਿਸ ਵਿੱਚ ਤੁਹਾਡੇ ਘਰ ਵਿੱਚ ਕੋਈ ਵੀ ਇਕੁਇਟੀ ਸ਼ਾਮਲ ਹੈ।

ਟਰੱਸਟ ਡੀਡ ਸਥਾਪਿਤ ਕਰਨ ਲਈ ਤੁਹਾਨੂੰ ਅਗਾਊਂ ਫੀਸ ਦਾ ਭੁਗਤਾਨ ਕਰਨਾ ਜ਼ਰੂਰੀ ਹੋਣ ਦੀ ਸੰਭਾਵਨਾ ਨਹੀਂ ਹੈ। ਟਰੱਸਟ ਡੀਡ ਨੂੰ ਇੱਕ ਜਨਤਕ ਰਜਿਸਟਰ ਵਿੱਚ ਦਰਜ ਕੀਤਾ ਜਾਵੇਗਾ ਅਤੇ ਤੁਹਾਡੀ ਕ੍ਰੈਡਿਟ ਰੇਟਿੰਗ ਛੇ ਸਾਲਾਂ ਲਈ ਪ੍ਰਭਾਵਿਤ ਹੋਵੇਗੀ।

ਟਰੱਸਟੀ ਦੀਆਂ ਫੀਸਾਂ ਅਤੇ ਖਰਚਿਆਂ ਦਾ ਭੁਗਤਾਨ ਉਸ ਪੈਸੇ ਤੋਂ ਕੀਤਾ ਜਾਂਦਾ ਹੈ, ਜਿਸਨੂੰ ਉਹ ਟਰੱਸਟ ਡੀਡ ਦੇ ਦੌਰਾਨ ਇਕੱਤਰ ਕਰਦੇ ਹਨ। ਜੇਕਰ ਤੁਹਾਡੀ ਸਥਿਤੀ ਬਦਲਦੀ ਹੈ, ਤਾਂ ਤੁਸੀਂ ਇਹ ਦੇਖਣ ਲਈ ਆਪਣੇ ਟਰੱਸਟੀ ਨਾਲ ਸੰਪਰਕ ਕਰ ਸਕਦੇ ਹੋ ਕਿ ਤੁਸੀਂ ਆਪਣੇ ਭੁਗਤਾਨਾਂ ਵਿੱਚ ਸੋਧ ਕਰਨ ਲਈ ਕੀ ਕਰ ਸਕਦੇ ਹੋ। ਹਾਲਾਂਕਿ, ਜੇਕਰ ਤੁਹਾਡੀ ਟਰੱਸਟ ਡੀਡ ਅਸਫ਼ਲ ਹੋ ਜਾਂਦੀ ਹੈ, ਤਾਂ ਤੁਹਾਨੂੰ ਦੀਵਾਲੀਆ ਬਣਾ ਦਿੱਤੇ ਜਾਣ ਦਾ ਇੱਕ ਜੋਖ਼ਮ ਹੁੰਦਾ ਹੈ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਦੀਵਾਲੀਆਪਨ ਸੰਬੰਧੀ ਪ੍ਰੈਕਟੀਸ਼ਨਰਾਂ ਦੇ ਇੱਕ ਚੁਣੇ ਹੋਏ ਪੈਨਲ ਦੇ ਨਾਲ ਮਿਲ ਕੇ ਕੰਮ ਕਰਦੀ ਹੈ। ਸਾਡੇ ਪੈਸੇ ਸੰਬੰਧੀ ਸਲਾਹਕਾਰ ਇਹ ਜਾਂਚ ਕਰਨਗੇ ਕਿ ਤੁਸੀਂ ਕਿਸੇ ਟਰੱਸਟ ਡੀਡ ਦੇ ਯੋਗ ਹੋ ਅਤੇ ਤੁਹਾਨੂੰ ਸਾਡੇ ਪੈਨਲ ਦਾ ਹਵਾਲਾ ਦੇਣਗੇ ਅਤੇ ਸਾਰੀ ਪ੍ਰਕਿਰਿਆ ਦੌਰਾਨ ਤੁਹਾਡੀ ਸਹਾਇਤਾ ਕਰਨਗੇ।

**ਪੂਰਾ ਅਤੇ ਅੰਤਿਮ ਨਿਪਟਾਰਾ** ਤੁਸੀਂ ਪੂਰੇ ਅਤੇ ਅੰਤਿਮ ਨਿਪਟਾਰੇ ਦੀਆਂ ਪੇਸ਼ਕਸ਼ਾਂ ਦੀ ਵਰਤੋਂ ਉੱਥੇ ਕਰ ਸਕਦੇ ਹੋ, ਜਿੱਥੇ ਤੁਹਾਡੇ ਕੋਲ ਇੱਕਮੁਸ਼ਤ ਰਕਮ ਉਪਲਬਧ ਹੁੰਦੀ ਹੈ। ਤੁਸੀਂ ਆਪਣੇ ਲੈਣਦਾਰਾਂ ਨੂੰ ਸਿੱਧੇ ਜਾਂ ਕਿਸੇ ਤੀਜੀ-ਧਿਰ ਦੇ ਪ੍ਰਦਾਤਾ, ਜਿਵੇਂ ਕਿ ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ, ਦੁਆਰਾ ਕਰਜ਼ੇ ਪ੍ਰਤੀ ਅੰਸ਼ਕ-ਭੁਗਤਾਨ ਸਵੀਕਾਰ ਕਰਨ ਅਤੇ ਬਕਾਇਆ ਰਕਮ ਨੂੰ ਮਾਫ਼ ਕਰਨ ਲਈ ਕਹਿ ਸਕਦੇ ਹੋ। ਲੈਣਦਾਰ ਕਦੇ-ਕਦੇ ਕਈ ਮਹੀਨਿਆਂ ਵਿੱਚ ਭੁਗਤਾਨ ਵੀ ਸਵੀਕਾਰ ਕਰਨਗੇ।

ਇਸਦੇ ਲਈ ਆਮ ਤੌਰ 'ਤੇ ਕੋਈ ਫੀਸ ਨਹੀਂ ਹੁੰਦੀ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਦੇ ਸਲਾਹਕਾਰ ਪੂਰੇ ਯੂ.ਕੇ. ਵਿੱਚ ਲੈਣਦਾਰਾਂ ਦੇ ਨਾਲ ਮਿਲਕੇ ਕੰਮ ਕਰਦੇ ਹਨ, ਜੋ ਕੋਈ ਵੀ ਨਿਪਟਾਰੇ ਦੀਆਂ ਪੇਸ਼ਕਸ਼ਾਂ ਵਿੱਚ ਬਿਲਕੁਲ ਮੁਫ਼ਤ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

# 3: ਹੱਲ – ਅਸਥਾਈ ਵਿਕਲਪ

ਕਈ ਵਾਰ ਤੁਹਾਡੇ ਹਾਲਾਤ ਬਦਲਣ ਤੱਕ ਅਸਥਾਈ ਹੱਲ ਕੱਢਣਾ ਜ਼ਰੂਰੀ ਹੁੰਦਾ ਹੈ, ਉਦਾਹਰਣ ਵਜੋਂ ਜਦੋਂ ਤੁਸੀਂ ਜਣੇਪਾ ਛੁੱਟੀ 'ਤੇ ਹੁੰਦੇ ਹੋ, ਨੌਕਰੀ ਲੱਭ ਰਹੇ ਹੁੰਦੇ ਹੋ ਜਾਂ ਬਿਮਾਰੀ ਤੋਂ ਠੀਕ ਹੋ ਰਹੇ ਹੁੰਦੇ ਹੋ।

ਇਸ ਵਿੱਚ ਤੁਹਾਡੇ ਲੈਣਦਾਰਾਂ ਨੂੰ ਕੁਝ ਸਮੇਂ ਲਈ ਭੁਗਤਾਨਾਂ ਨੂੰ ਇਕੱਤਰ ਕਰਨਾ ਬੰਦ ਕਰਨ ਲਈ ਕਿਹਾ ਜਾ ਸਕਦਾ ਹੈ ਜਾਂ ਉਨ੍ਹਾਂ ਨੂੰ ਉਦੋਂ ਤੱਕ ਇੱਕ ਛੋਟਾ ਜਿਹਾ ਟੋਕਨ ਭੁਗਤਾਨ ਸਵੀਕਾਰ ਕਰਨ ਲਈ ਕਿਹਾ ਜਾ ਸਕਦਾ ਹੈ, ਜਦੋਂ ਤੱਕ ਤੁਹਾਡੇ ਹਾਲਾਤ ਨਹੀਂ ਬਦਲ ਜਾਂਦੇ। ਤੁਸੀਂ ਕਿਸੇ ਵੀ ਸਮੇਂ ਇਸ ਦੀ ਮੰਗ ਕਰਨ ਲਈ ਆਪਣੇ ਲੈਣਦਾਰਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ। ਬਹੁਤ ਸਾਰੇ ਲੈਣਦਾਰ ਇਸਦੀ ਇਜਾਜ਼ਤ ਦੇ ਦੇਣਗੇ, ਖਾਸ ਕਰਕੇ ਜੇਕਰ ਤੁਹਾਨੂੰ ਕਰਜ਼ੇ ਦੀ ਸਲਾਹ ਮਿਲੀ ਹੋਵੇ। ਉਹ ਆਮ ਤੌਰ 'ਤੇ ਇੱਕ ਅਜਿਹਾ ਬਜਟ ਦੇਖਣ ਲਈ ਕਹਿਣਗੇ ਜੋ ਇਹ ਦਿਖਾਉਂਦਾ ਹੈ ਕਿ ਤੁਸੀਂ ਇਸ ਸਮੇਂ ਪੂਰਾ ਭੁਗਤਾਨ ਨਹੀਂ ਕਰ ਸਕਦੇ।

ਇਹ ਪਹੁੰਚ ਤੁਹਾਡੇ ਕਰਜ਼ੇ ਨੂੰ ਹੱਲ ਨਹੀਂ ਕਰਦੀ, ਪਰ ਇਹ ਤੁਹਾਨੂੰ ਹੋਰ ਤਰਜੀਹਾਂ ਨਾਲ ਨਜਿੱਠਣ ਲਈ ਸਮਾਂ ਦੇ ਸਕਦੀ ਹੈ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਤੁਹਾਨੂੰ ਵੱਖ-ਵੱਖ ਅਸਥਾਈ ਵਿਕਲਪਾਂ ਬਾਰੇ ਸਲਾਹ ਦੇ ਸਕਦੀ ਹੈ, ਜੋ ਤੁਹਾਡੇ ਲਈ ਸਹਾਇਕ ਹੋ ਸਕਦੇ ਹਨ।

ਤੁਹਾਡੀ ਸਥਿਤੀ ਜੋ ਵੀ ਹੋਵੇ, ਸਹਾਇਤਾ ਉਪਲਬਧ ਹੈ। ਦੇਰੀ ਨਾ ਕਰੋ, ਅੱਜ ਹੀ ਪੈਸੇ ਸੰਬੰਧੀ ਮੁਫ਼ਤ ਸਲਾਹਕਾਰ ਨਾਲ ਗੱਲ ਕਰੋ।

**ਮੇਰੀ ਕਹਾਣੀ:**



"ਜਦੋਂ ਮੈਂ ਆਨਲਾਈਨ ਦੇਖਿਆ, ਤਾਂ ਮੈਂ ਉਪਲਬਧ ਬਹੁਤ ਸਾਰੇ ਵੱਖ-ਵੱਖ ਕਰਜ਼ੇ ਦੇ ਹੱਲਾਂ ਤੋਂ ਹਮੇਸ਼ਾਂ ਥੋੜ੍ਹਾ ਡਰੀ ਹੁੰਦੀ ਸੀ। ਮੈਨੂੰ ਚਿੰਤਾ ਸੀ ਕਿ ਮੈਂ ਹੋਰ ਵੀ ਜ਼ਿਆਦਾ ਭੁਗਤਾਨ ਕਰ ਬੈਠਾਂਗੀ। ਪਰ ਮੇਰੇ ਪੈਸੇ ਸੰਬੰਧੀ ਸਲਾਹਕਾਰ ਨੇ ਮੇਰੇ ਲਈ ਸਭ ਤੋਂ ਵਧੀਆ ਵਿਕਲਪਾਂ ਬਾਰੇ ਗੱਲ ਕੀਤੀ।

"ਅਸੀਂ ਇੱਕ ਬਜਟ ਬਣਾਇਆ ਅਤੇ ਮੈਨੂੰ ਅਹਿਸਾਸ ਹੋਇਆ ਕਿ ਮੈਂ ਆਪਣੇ ਨਵੇਂ ਕੰਮ ਦੇ ਘੰਟਿਆਂ ਦੇ ਅਧਾਰ 'ਤੇ ਪੰਜ ਸਾਲਾਂ ਵਿੱਚ ਆਪਣੇ ਕਰਜ਼ਿਆਂ ਦਾ ਮੁੜ ਭੁਗਤਾਨ ਕਰ ਸਕਦੀ ਹਾਂ। ਮੈਂ ਇੱਕ ਕਰਜ਼ਾ ਪ੍ਰਬੰਧ ਯੋਜਨਾ ਨਾਲ ਸ਼ੁਰੂਆਤ ਕੀਤੀ, ਜਿਸ ਵਿੱਚ ਚੀਜ਼ਾਂ ਗਲਤ ਹੋਣ 'ਤੇ ਮਦਦ ਲਈ ਵਾਧੂ ਸੁਰੱਖਿਆ ਹੈ।

"ਸਲਾਹ ਲੈਣ ਨਾਲ ਮੈਨੂੰ ਆਪਣੇ ਪੈਸੇ ਦੇ ਪ੍ਰਬੰਧਨ ਵਿੱਚ ਵਧੇਰੇ ਆਤਮ ਵਿਸ਼ਵਾਸ ਪ੍ਰਾਪਤ ਹੋਇਆ ਹੈ। ਮਦਦ ਮੰਗਣਾ ਮੇਰੇ ਦੁਆਰਾ ਕੀਤੇ ਗਏ ਸਭ ਤੋਂ ਵਧੀਆ ਕੰਮਾਂ ਵਿੱਚੋਂ ਇੱਕ ਹੈ। ਕਿਸੇ ਵਿਅਕਤੀ ਨਾਲ ਗੱਲ ਕਰਨ ਤੋਂ ਬਾਅਦ ਮਹੀਨਿਆਂ ਬਾਅਦ ਮੈਨੂੰ ਪਹਿਲੀ ਵਾਰ ਰਾਤ ਨੂੰ ਵਧੀਆ ਨੀਂਦ ਆਈ।"

# ਮੁੱਖ ਪਰਿਭਾਸ਼ਕ ਸ਼ਬਦਾਂ ਦੀ ਸੂਚੀ

ਇਹ ਸੂਚੀ ਤੁਹਾਨੂੰ ਇਸ ਕਿਤਾਬਚੇ ਵਿੱਚ ਵਰਤੇ ਗਏ ਸ਼ਬਦਾਂ ਅਤੇ ਪਰਿਭਾਸ਼ਕ ਸ਼ਬਦਾਂ ਦੀ ਸਰਲ ਵਿਆਖਿਆ ਦਿੰਦੀ ਹੈ।

| ਸ਼ਬਦ | ਵਿਆਖਿਆ |
|---|---|
| **ਸੰਪੱਤੀਆਂ** | ਤੁਹਾਡੇ ਨਾਲ ਸੰਬੰਧਿਤ ਕੀਮਤੀ ਵਸਤੂਆਂ |
| **ਅਧਿਕਾਰਤ** | ਇਜਾਜ਼ਤ ਦਿੱਤੀ ਗਈ ਹੈ |
| **ਬਜਟ ਸੰਬੰਧੀ ਘਾਟਾ** | ਜਦੋਂ ਤੁਸੀਂ ਆਪਣੀ ਕਮਾਈ ਨਾਲੋਂ ਜ਼ਿਆਦਾ ਖਰਚ ਕਰਦੇ ਹੋ |
| **ਬਜਟ ਸਰਪਲੱਸ** | ਜਦੋਂ ਤੁਹਾਡੀ ਆਮਦਨੀ ਤੁਹਾਡੇ ਖਰਚਿਆਂ ਤੋਂ ਵੱਧ ਹੋਵੇ |
| **ਕਲੈਕਸ਼ਨ ਏਜੰਸੀ** | ਇੱਕ ਅਜਿਹੀ ਸੰਸਥਾ, ਜੋ ਭੁਗਤਾਨ ਨਾ ਕੀਤੇ ਕਰਜ਼ੇ ਵਸੂਲਣ ਵਿੱਚ ਮੁਹਾਰਤ ਰੱਖਦੀ ਹੈ |
| **ਅਦਾਲਤ** | ਕਾਨੂੰਨੀ ਸਮੱਸਿਆਵਾਂ ਨੂੰ ਸੁਣਨ ਅਤੇ ਹੱਲ ਕਰਨ ਦਾ ਅਧਿਕਾਰ ਰੱਖਣ ਵਾਲਾ ਵਿਅਕਤੀ ਜਾਂ ਲੋਕ |
| **ਅਦਾਲਤੀ ਤਾਮੀਲ ਦੀ ਕਾਰਵਾਈ** | ਕਰਜ਼ੇ ਦਾ ਬਕਾਇਆ ਹੋਣ ਦੇ ਅਦਾਲਤੀ ਫ਼ੈਸਲੇ ਤੋਂ ਬਾਅਦ ਸ਼ੈਰਿਫ਼ ਅਧਿਕਾਰੀਆਂ ਦੁਆਰਾ ਕੀਤੀਆਂ ਗਈਆਂ ਕਾਰਵਾਈਆਂ |
| **ਕ੍ਰੈਡਿਟ ਹਵਾਲਾ ਏਜੰਸੀ** | ਇਹ ਏਜੰਸੀਆਂ ਤੁਹਾਡੇ ਕ੍ਰੈਡਿਟ ਸਕੋਰ ਨੂੰ ਨਿਰਧਾਰਤ ਕਰਨ ਲਈ ਵਰਤੀ ਜਾਣ ਵਾਲੀ ਜਾਣਕਾਰੀ ਇਕੱਤਰ ਅਤੇ ਸਟੋਰ ਕਰਦੀਆਂ ਹਨ |
| **ਕ੍ਰੈਡਿਟ ਰਿਪੋਰਟ** | ਤੁਹਾਡੇ ਉਧਾਰ ਅਤੇ ਖਰਚਿਆਂ ਦਾ ਸਾਰਾਂਸ਼। ਸਮੁੱਚਾ 'ਕ੍ਰੈਡਿਟ ਸਕੋਰ' ਬਣਾਉਣ ਲਈ ਸਾਰਾਂਸ਼ ਜੋੜਿਆ ਜਾਵੇਗਾ |
| **ਲੈਣਦਾਰ** | ਉਹ ਲੋਕ ਜਾਂ ਸੰਸਥਾਵਾਂ, ਜਿਨ੍ਹਾਂ ਨੂੰ ਤੁਸੀਂ ਪੈਸੇ ਦੇਣੇ ਹਨ |
| **ਇਕੁਇਟੀ** | ਅਜੇ ਵੀ ਭੁਗਤਾਨ ਕੀਤੇ ਜਾਣ ਵਾਲੇ ਕਿਸੇ ਵੀ ਕਰਜ਼ੇ ਜਾਂ ਦੇਣਦਾਰੀ ਨੂੰ ਹਟਾ ਕੇ ਮੌਜੂਦਾ ਕੀਮਤ ਵਿੱਚ ਅੰਤਰ |
| **ਬੇਦਖ਼ਲ ਕਰਨਾ** | ਕਾਨੂੰਨ ਦੇ ਸਮਰਥਨ ਨਾਲ ਕਿਸੇ ਵਿਅਕਤੀ ਨੂੰ ਜਾਇਦਾਦ ਤੋਂ ਹਟਾਉਣਾ |
| **ਕਿਰਾਏ 'ਤੇ ਲੈਣ ਸੰਬੰਧੀ ਖਰੀਦਦਾਰੀ** | ਇੱਕ ਅਜਿਹੀ ਵਿਵਸਥਾ, ਜਿੱਥੇ ਕੋਈ ਗਾਹਕ ਇੱਕ ਭੁਗਤਾਨ ਕਰਕੇ ਕੁਝ ਖਰੀਦਣ ਲਈ ਸਹਿਮਤ ਹੁੰਦਾ ਹੈ ਅਤੇ ਫਿਰ ਬਾਕੀ ਦੇ ਬਕਾਏ ਦਾ ਭੁਗਤਾਨ ਵਿਆਜ ਸਮੇਤ ਸਮੇਂ ਦੀ ਕਿਸੇ ਸਮਾਂ ਮਿਆਦ ਦੌਰਾਨ ਕਰਦਾ ਹੈ |
| **ਨਿਰਪੱਖ** | ਇੱਕ ਵਿਅਕਤੀ ਜਾਂ ਮੁੱਦੇ ਦੇ ਮੁਕਾਬਲੇ ਦੂਜੇ ਵਿਅਕਤੀ ਜਾਂ ਮੁੱਦੇ ਦਾ ਪੱਖ ਲੈਣ ਤੋਂ ਮੁਕਤ |
| **ਦੀਵਾਲੀਆਪਣ ਸੰਬੰਧੀ ਪ੍ਰੈਕਟੀਸ਼ਨਰ** | ਕੋਈ ਅਜਿਹਾ ਵਿਅਕਤੀ, ਜੋ ਕੰਪਨੀਆਂ ਅਤੇ ਵਿਅਕਤੀਆਂ ਦੀ ਤਰਫ਼ੋਂ ਕਾਰਵਾਈ ਕਰ ਸਕਦਾ ਹੈ, ਜਦੋਂ ਉਹ 'ਦੀਵਾਲੀਏਪਣ' ਜਾਂ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹੋਣ |
| **ਬੰਦਿਸ਼ (ਰੋਕ)** | ਸਮੇਂ ਦੀ ਇੱਕ ਅਜਿਹੀ ਮਿਆਦ, ਜਿਸ ਦੌਰਾਨ ਕਿਸੇ ਗਤੀਵਿਧੀ ਦੀ ਇਜਾਜ਼ਤ ਜਾਂ ਲੋੜ ਨਹੀਂ ਹੁੰਦੀ |
| **ਗੈਰ-ਤਰਜੀਹੀ ਕਰਜ਼ੇ** | ਗੈਰ-ਤਰਜੀਹੀ ਵਜੋਂ ਸ਼੍ਰੇਣੀਬੱਧ ਕਿਉਂਕਿ ਇਹਨਾਂ ਦਾ ਭੁਗਤਾਨ ਨਾ ਕਰਨ ਦੇ ਨਤੀਜੇ ਤੁਹਾਡੇ ਤਰਜੀਹੀ ਕਰਜ਼ਿਆਂ ਦੇ ਭੁਗਤਾਨ ਕਰਨ ਨਾਲੋਂ ਘੱਟ ਗੰਭੀਰ ਹੁੰਦੇ ਹਨ |
| **ਭੁਗਤਾਨ ਯੋਜਨਾ** | ਇੱਕ ਵਾਜਬ ਮਿਆਦ ਦੇ ਦੌਰਾਨ ਕਰਜ਼ੇ ਦਾ ਭੁਗਤਾਨ ਕਰਨ ਲਈ ਕੀਤੀ ਗਈ ਵਿਵਸਥਾ |
| **ਨਿੰਜੀ ਇਕਰਾਰਨਾਮੇ ਸੰਬੰਧੀ ਖਰੀਦਦਾਰੀ ਦੇ ਇਕਰਾਰਨਾਮੇ** | ਇੱਕ ਅਜਿਹਾ ਇਕਰਾਰਨਾਮਾ, ਜੋ ਤੁਹਾਨੂੰ ਕੁਝ ਸਮੇਂ ਦੇ ਲਈ ਕਾਰ ਜਾਂ ਹੋਰ ਵਸਤੂ ਕਿਰਾਏ 'ਤੇ ਲੈਣ ਦੀ ਇਜਾਜ਼ਤ ਦਿੰਦਾ ਹੈ |
| **ਤਰਜੀਹੀ ਕਰਜ਼ੇ** | ਅਜਿਹੇ ਕਰਜ਼ੇ, ਜੋ ਤੁਹਾਡੇ ਲਈ ਖਾਸ ਕਰਕੇ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ, ਜੇਕਰ ਤੁਸੀਂ ਉਨ੍ਹਾਂ ਬਾਰੇ ਕੁਝ ਨਹੀਂ ਕਰਦੇ |
| **ਜਨਤਕ ਰਜਿਸਟਰ** | ਆਮ ਲੋਕਾਂ ਲਈ ਉਪਲਬਧ ਜਾਣਕਾਰੀ ਦੀ ਇੱਕ ਪ੍ਰਕਾਸ਼ਿਤ ਸੂਚੀ |
| **ਮੁੜ-ਪ੍ਰਾਪਤ ਕੀਤਾ ਗਿਆ** | ਮਾਲਕੀ ਵਾਪਸ ਲੈਣਾ |
| **ਸ਼ੈਰਿਫ਼ ਅਧਿਕਾਰੀ** | ਸ਼ੈਰਿਫ਼ ਅਧਿਕਾਰੀ ਉਹ ਲੋਕ ਹੁੰਦੇ ਹਨ, ਜੋ ਸਕੌਟਲੈਂਡ ਵਿੱਚ ਅਦਾਲਤੀ ਕਾਗਜ਼ਾਤ ਪ੍ਰਦਾਨ ਕਰਦੇ ਜਾਂ ਪੇਸ਼ ਕਰਦੇ ਹਨ ਅਤੇ ਅਦਾਲਤੀ ਆਦੇਸ਼ ਲਾਗੂ ਕਰਦੇ ਹਨ |
| **ਰੁਜ਼ਗਾਰ ਦੀਆਂ ਸ਼ਰਤਾਂ** | ਕੰਮ 'ਤੇ ਤੁਹਾਡੇ ਰੁਜ਼ਗਾਰ ਬਾਰੇ ਜਾਣਕਾਰੀ ਨੂੰ ਸੰਖਿਪਤ ਕਰਨ ਵਾਲਾ ਇੱਕ ਲਿਖਤੀ ਦਸਤਾਵੇਜ਼, ਜਿਵੇਂ ਕਿ ਤੁਹਾਡੀ ਤਨਖਾਹ ਜਾਂ ਇਕਰਾਰਨਾਮੇ ਦੀ ਮਿਆਦ |
| **ਅਨਿਯਮਤ** | ਨਿਯਮਾਂ ਜਾਂ ਕਾਨੂੰਨਾਂ ਦੁਆਰਾ ਨਿਯੰਤ੍ਰਿਤ ਜਾਂ ਪ੍ਰਬੰਧਿਤ ਨਹੀਂ |
| **ਅਸੁਰੱਖਿਅਤ ਕਰਜ਼ੇ** | ਅਜਿਹਾ ਕਰਜ਼ਾ, ਜੋ ਤੁਹਾਡੇ ਦੁਆਰਾ ਖਰੀਦੀ ਕਿਸੇ ਚੀਜ਼ ਦੇ ਵਿਰੁੱਧ ਸੁਰੱਖਿਅਤ ਨਹੀਂ ਹੁੰਦਾ, ਜਿਵੇਂ ਕਿ ਘਰ ਜਾਂ ਕਾਰ |

# ਸਾਡੇ ਨਾਲ ਸੰਪਰਕ ਕਰੋ

ਅਸੀਂ 25 ਸਾਲਾਂ ਤੋਂ ਲੋਕਾਂ ਦੀਆਂ ਉਨ੍ਹਾਂ ਦੇ ਪੈਸੇ ਸੰਬੰਧੀ ਚਿੰਤਾਵਾਂ ਵਿੱਚ ਸਹਾਇਤਾ ਕਰ ਰਹੇ ਹਾਂ। ਗਲਾਸਗੋ ਸਿਟੀ ਸੈਂਟਰ ਵਿੱਚ ਸਥਿਤ ਸਾਡੀ ਸਲਾਹ ਟੀਮ, ਸਕੌਟਲੈਂਡ ਵਿੱਚ ਸਾਡੇ ਸਾਰੇ ਗਾਹਕਾਂ ਦਾ ਸਮਰਥਨ ਕਰਦੀ ਹੈ।

ਅਸੀਂ ਸੌ ਤੋਂ ਵੱਧ ਸਹਿਯੋਗੀ ਸੰਸਥਾਵਾਂ ਦੇ ਨਾਲ ਕੰਮ ਕਰਦੇ ਹਾਂ, ਇਸ ਲਈ ਜਦੋਂ ਅਸੀਂ ਤੁਹਾਡੇ ਵਿੱਤ ਨੂੰ ਵਾਪਸ ਲੀਹ 'ਤੇ ਲਿਆਉਣ ਵਿੱਚ ਤੁਹਾਡੀ ਮਦਦ ਕਰਦੇ ਹਾਂ ਤਾਂ ਅਸੀਂ ਤੁਹਾਨੂੰ ਮਦਦ ਦੇ ਹੋਰ ਸਰੋਤਾਂ ਲਈ ਹਵਾਲਾ ਦੇ ਸਕਦੇ ਹਾਂ।

ਸਾਡੀਆਂ ਸੇਵਾਵਾਂ ਨਿਰਪੱਖ ਅਤੇ ਮੁਫ਼ਤ ਹਨ। ਅਸੀਂ ਹਰ ਸਾਲ ਹਜ਼ਾਰਾਂ ਸਕੌਟ ਵਾਸੀਆਂ ਦੀ ਮਦਦ ਕਰਦੇ ਹਾਂ, ਅਤੇ ਇਕੱਠੇ ਮਿਲ ਕੇ ਅਸੀਂ ਤੁਹਾਨੂੰ ਮੁੜ-ਸੰਭਲਣ ਅਤੇ ਕਰਜ਼ੇ ਤੋਂ ਮੁਕਤ ਹੋਣ ਵਿੱਚ ਮਦਦ ਕਰ ਸਕਦੇ ਹਾਂ।

ਪਹਿਲੀ ਵਾਰ ਜਦੋਂ ਤੁਸੀਂ ਸਾਡੇ ਨਾਲ ਗੱਲ ਕਰਦੇ ਹੋ, ਜਾਂ ਸਾਡੀ ਵੈੱਬਸਾਈਟ 'ਤੇ ਜਾਂਦੇ ਹੋ, ਤਾਂ ਅਸੀਂ ਤੁਹਾਡੇ ਲਈ ਅੱਗੇ ਵਧਣ ਦਾ ਸਹੀ ਰਸਤਾ ਲੱਭਣ ਵਿੱਚ ਤੁਹਾਡੀ ਮਦਦ ਕਰਾਂਗੇ, ਅਤੇ ਅਸੀਂ ਤੁਹਾਡੀ ਪੂਰੀ ਯਾਤਰਾ ਦੌਰਾਨ ਤੁਹਾਡੀ ਸਹਾਇਤਾ ਕਰਾਂਗੇ।

ਸਾਨੂੰ ਕਾਲ ਕਰੋ: **0800 138 1111**

ਇਸ ਵੈੱਬਸਾਈਟ 'ਤੇ ਜਾਓ: **stepchange.org**

ਕੀ ਤੁਹਾਨੂੰ ਇਹ ਲੀਫ਼ਲੈੱਟ ਲਾਭਦਾਇਕ ਲੱਗਿਆ?
ਅਸੀਂ ਤੁਹਾਡੀ ਫੀਡਬੈਕ ਸੁਣਨਾ ਪਸੰਦ ਕਰਾਂਗੇ।
ਈਮੇਲ ਐਡਰੈਸ **scotland@stepchange.org**
'ਤੇ ਸਾਨੂੰ ਇਹ ਦੱਸੋ ਕਿ ਤੁਸੀਂ ਕੀ ਸੋਚਦੇ ਹੋ।

ਸਟੈਪਚੇਂਜ ਡੈੱਟ ਚੈਰਿਟੀ ਸਕੌਟਲੈਂਡ ਇੱਕ ਰਜਿਸਟਰਡ ਚੈਰਿਟੀ ਹੈ, ਨੰ.1016630 ਅਤੇ SC046263, ਜੋ ਵਿੱਤੀ ਆਚਰਣ ਅਥਾਰਟੀ ਦੁਆਰਾ ਅਧਿਕਾਰਤ ਅਤੇ ਨਿਯੰਤ੍ਰਿਤ ਕੀਤੀ ਜਾਂਦੀ ਹੈ।

*ਸਟੈਪਚੇਂਜ ਫਾਈਨੈਂਸ਼ੀਅਲ ਸੋਲਯੂਸ਼ਨਜ਼ (StepChange Financial Solutions) ਕੰਜ਼ਿਊਮਰ ਕ੍ਰੈਡਿਟ ਕਾਉਂਸਲਿੰਗ ਸਰਵਿਸ (ਇਕੁਇਟੀ ਰਿਲੀਜ਼) ਲਿਮਿਟਿਡ (Consumer Credit Counselling Service (Equity Release) Ltd.) ਦਾ ਰਜਿਸਟਰਡ ਵਪਾਰਕ ਨਾਮ ਹੈ, ਜੋ ਵਿੱਤੀ ਆਚਰਣ ਅਥਾਰਟੀ ਦੁਆਰਾ ਅਧਿਕਾਰਤ ਅਤੇ ਨਿਯੰਤ੍ਰਿਤ ਕੀਤਾ ਜਾਂਦਾ ਹੈ।

## ਹੋਰ ਸੰਸਥਾਵਾਂ ਜੋ ਮਦਦ ਕਰ ਸਕਦੀਆਂ ਹਨ

ਸਿਟੀਜ਼ਨਸ ਅਡਵਾਈਸ ਸਕੌਟਲੈਂਡ
(Citizens Advice Scotland-CAS)
**www.cas.org.uk**

Macmillan
**www.macmillan.org.uk**

ਕ੍ਰਿਸਚੀਅਨਜ਼ ਅਗੇਂਸਟ ਪੌਵਰਟੀ
(Christians Against Poverty-CAP)
**www.capscotland.org**

ਸ਼ੈਲਟਰ
**www.scotland.shelter.org.uk**

ਇਹ ਗਾਈਡ ਹੋਰ ਭਾਸ਼ਾਵਾਂ ਅਤੇ ਫਾਰਮੈਟਾਂ ਵਿੱਚ ਵੀ ਉਪਲਬਧ ਹੈ। ਇੱਕ ਆਨਲਾਈਨ ਸੰਸਕਰਣ ਦਾ ਆਰਡਰ ਦੇਣ ਜਾਂ ਡਾਊਨਲੋਡ ਕਰਨ ਲਈ ਕਿਰਪਾ ਕਰਕੇ **www.stepchange.org/scotland** 'ਤੇ ਜਾਓ।

ਇਹ ਗਾਈਡ ਸਕੌਟਿਸ਼ ਸਰਕਾਰ ਦੇ ਸਮਰਥਨ ਨਾਲ ਤਿਆਰ ਕੀਤੀ ਗਈ ਹੈ।

© 2021 StepChange Debt Charity, Scotland,
2nd Floor, Finlay House, 10-14 West Nile Street, Glasgow G1 2PP.

